
JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

To view our online newspaper visit punjabipost.ca/epaper | Vol 21* Issue 211 | Friday, November 04, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਗੈਰਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਹੜਤਾਲ ਕਰਨਗੇ ਐਜੂਕੇਸ਼ਨ ਵਰਕਰਜ਼



ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਬਿੱਲ ਤੋਂ ਬਾਅਦ ਐਜੂਕੇਸ਼ਨ ਵਰਕਰਜ਼ ਉੱਤੇ ਕਾਂਟਰੈਕਟ ਮੜ੍ਹ ਦਿੱਤਾ ਜਾਵੇਗਾ ਤੇ ਉਨ੍ਹਾਂ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਤਰ੍ਹਾਂ ਦੀ ਹੜਤਾਲ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਜਾਵੇਗਾ। ਸਰਕਾਰ ਵੱਲੋਂ ਇਸ ਬਿੱਲ ਨੂੰ ਪਾਸ ਕੀਤੇ ਜਾਣ ਦੇ ਬਾਵਜੂਦ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ) ਦੀ ਨੁਮਾਇੰਦਗੀ ਹੇਠ 55,000 ਵਰਕਰਜ਼ ਵੱਲੋਂ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਵੀਰਵਾਰ ਨੂੰ ਪਾਸ ਕੀਤੇ ਗਏ ਇਸ ਬਿੱਲ ਤਹਿਤ ਹੜਤਾਲ ਉੱਤੇ ਲੱਗੀ ਇਸ ਪਾਬੰਦੀ ਦੀ ਉਲੰਘਣਾ ਕਰਨ ਵਾਲੇ ਖਿਲਾਫ ਸਖ਼ਤ ਜੁਰਮਾਨੇ ਲਾਏ ਜਾਣਗੇ। ਪਰ ਕੂਪ ਦਾ ਕਹਿਣਾ ਹੈ ਕਿ ਐਜੂਕੇਸ਼ਨਲ ਅਸਿਸਟੈਂਟਸ, ਕਸਟੋਡੀਅਨਜ਼ ਤੇ ਐਡਮਨਿਸਟ੍ਰੇਟਿਵ ਸਟਾਫ ਸਮੇਤ ਉਨ੍ਹਾਂ ਦੇ ਵਰਕਰਜ਼ ਵੱਲੋਂ ਅਗਲੇ ਨੋਟਿਸ ਤੱਕ ਸ਼ੁੱਕਰਵਾਰ ਤੋਂ ਹੜਤਾਲ ਸ਼ੁਰੂ ਕੀਤੀ ਜਾਵੇਗੀ।

ਇਸ ਦੌਰਾਨ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਸਕੂਲ ਬੋਰਡਜ਼ ਨੂੰ ਨਿਰਦੇਸ਼ ਜਾਰੀ ਕੀਤੇ ਹਨ ਕਿ ਸਕੂਲਾਂ ਨੂੰ ਖੁੱਲ੍ਹਾ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇ ਤੇ ਕਿਸੇ ਵੀ ਤਰ੍ਹਾਂ ਦੀ ਗੈਰਕਾਨੂੰਨੀ ਹੜਤਾਲ ਦਰਮਿਆਨ ਬੱਚਿਆਂ ਦੀ ਰਿਮੋਟ ਲਰਨਿੰਗ ਜਾਰੀ ਰੱਖੀ ਜਾਵੇ। ਸਕੂਲ ਬੋਰਡਜ਼ ਵੀ ਇਸ ਸਮੇਂ ਅਜੀਬ ਪਸ਼ੋਪੇਸ਼ ਵਿੱਚ ਫਸ ਗਏ ਹਨ। ...ਬਾਕੀ ਸਫਾ 6 'ਤੇ

> ਕੈਨੇਡੀਅਨ ਪੰਜਾਬੀ ਪੋਸਟ ਅਦਾਰੇ ਵੱਲੋਂ ਸਾਰੇ ਜਗਤ ਨੂੰ ਗੁਰਪੁਰਬ ਦੀਆਂ ਲੱਖ ਲੱਖ ਵਧਾਈਆਂ। ਅਦਾਰਾ ਇਹ ਕਾਮਨਾ ਕਰਦਾ ਹੈ ਕਿ ਆਉਣ ਵਾਲਾ ਸਮਾਂ ਸਾਰੇ ਜਗਤ ਲਈ ਖ਼ੁਸ਼ੀਆਂ, ਤੰਦਰੁਸਤੀ ਅਤੇ ਤਰੱਕੀਆਂ ਵਾਲਾ ਹੋਵੇ।

## ਫਰੀਲੈਂਡ ਨੇ ਮਿਨੀ ਬਜਟ ਪੇਸ਼ ਕਰਨ ਸਮੇਂ ਦਿੱਤੀ ਮੰਦਵਾੜੇ ਦੀ ਚੇਤਾਵਨੀ



ਓਟਵਾ, 3 ਨਵੰਬਰ (ਪੋਸਟ ਬਿਊਰੋ) : ਲਿਬਰਲਾਂ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਪਹਿਲੀ ਵਾਰੀ ਫੈਡਰਲ ਬਜਟ ਵਾਧੂ ਹੋਣ ਦੀ ਗੱਲ ਕੀਤੀ ਗਈ ਹੈ, ਉਹ ਵੀ ਜਲਦ ਹੀ ਨਹੀਂ ਸਗੋਂ ਥੋੜ੍ਹਾ ਰੁਕ ਕੇ ਵਾਧੂ ਹੋਣ ਦਾ ਸੰਕੇਤ ਦਿੱਤਾ ਗਿਆ ਹੈ।ਪਰ ਇਸ ਦੌਰਾਨ ਸਾਲ ਦੇ ਅੰਤ ਵਿੱਚ ਪੇਸ਼ ਕੀਤੇ ਗਏ ਮਿਨੀ ਬਜਟ ਵਿੱਚ ਮੰਦਵਾੜੇ ਦਾ ਖਤਰਾ ਵੀ ਪ੍ਰਗਟਾਇਆ ਗਿਆ। ਇਸ ਦੇ ਨਾਲ ਹੀ ਕਲੀਨ ਤੇ ਗ੍ਰੀਨ ਇਕੌਨਮੀ ਵਿੱਚ ਕੈਨੇਡਾ ਦੀ ਹੋਣ ਜਾ ਰਹੀ ਤਬਦੀਲੀ ਦੇ ਸਬਜ਼ਬਾਗ ਵੀ ਕੈਨੇਡੀਅਨਜ਼ ਨੂੰ ਵਿਖਾਏ ਗਏ।

ਇੱਥੇ ਦੱਸਣਾ ਬਣਦਾ ਹੈ ਕਿ ਲਿਬਰਲਾਂ ਨੂੰ ਇਸ ਸੁਪਨੇ ਨੂੰ ਸੱਚ ਕਰਨ ਲਈ ਇੱਕ ਹੋਰ ਚੋਣਾਂ ਨਾਲ ਜੂਝਣਾ ਹੋਵੇਗਾ। ਵੀਰਵਾਰ ਨੂੰ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਫਾਲ ਇਕਨੌਮਿਕ ਸਟੇਟਮੈਂਟ ਜਾਰੀ ਕਰਨ ਦੇ ਨਾਲ ਨਾਲ ਇਸ ਨੂੰ ਲਾਗੂ ਕਰਨ ਸਬੰਧੀ ਬਿੱਲ ਵੀ ਪੇਸ਼ ਕੀਤਾ ਗਿਆ। ਇਸ ਵਿੱਚ ਕਲੀਨ ਐਨਰਜੀ ਵਿੱਚ ਕੀਤੇ ਜਾਣ ਵਾਲੇ ਨਿਵੇਸ਼ ਲਈ ਨਵੇਂ ਮਾਪਦੰਡ ਅਪਨਾਉਣ ਤੇ ਰਹਿਣੀ ਸਹਿਣੀ ਵਾਸਤੇ ਕੈਨੇਡੀਅਨਜ਼ ਨੂੰ ਕਰਨੇ ਪੈ ਰਹੇ ਸੰਘਰਸ਼ ਵਿੱਚ ਮਦਦ ਦੀ ਗੱਲ ਕੀਤੀ ਗਈ।

ਕੁੱਲ ਮਿਲਾ ਕੇ ਮਹਾਂਮਾਰੀ ਦੇ ਬਾਅਦ ਵਾਲੇ ਦੌਰ ਵਿੱਚ ਅਰਥਚਾਰੇ ਨੂੰ ਲੀਹ ਉੱਤੇ ਲਿਆਉਣ ਲਈ ਪੈ ਰਹੇ ਸਿਆਸੀ ...ਬਾਕੀ ਸਫਾ 6 'ਤੇ

## ਫੋਰਡ ਸਰਕਾਰ ਵਲੋਂ ਬੈਕ ਟੂ ਵਰਕ ਬਿਲ ਪਾਸ



ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਐਜੂਕੇਸ਼ਨ ਵਰਕਰਜ਼ ਵੱਲੋਂ ਹੜਤਾਲ ਕਰਨ ਦੇ ਪੱਕੇ ਇਰਾਦੇ ਨੂੰ ਵੇਖਦਿਆਂ ਹੋਇਆਂ ਇੱਕ ਦਿਨ ਪਹਿਲਾਂ ਹੀ ਫੋਰਡ ਸਰਕਾਰ ਵੱਲੋਂ ਬੈਕ ਟੂ ਵਰਕ ਬਿੱਲ ਪਾਸ ਕਰ ਦਿੱਤਾ ਗਿਆ ਹੈ। ਇਸ ਨਾਲ ਐਜੂਕੇਸ਼ਨ ਵਰਕਰਜ਼ ਉੱਤੇ ਚਾਰ ਸਾਲਾਂ ਦਾ ਕਾਂਟਰੈਕਟ ਮੜ੍ਹ ਦਿੱਤਾ ਗਿਆ ਹੈ। ਇਸ ਬਿੱਲ ਦੇ ਪਾਸ ਹੋਣ ਤੋਂ ਬਾਅਦ ਸ਼ੁੱਕਰਵਾਰ ਨੂੰ ਐਜੂਕੇਸ਼ਨ ਵਰਕਰਜ਼ ਵੱਲੋਂ ਕੀਤੀ ਜਾਣ ਵਾਲੀ ਹੜਤਾਲ ਗੈਰਕਾਨੂੰਨੀ ਹੋਵੇਗੀ।

ਬਿੱਲ 28 ਜਾਂ ਕੀਪਿੰਗ ਸਟੂਡੈਂਟਸ ਇਨ ਕਲਾਸ ਐਕਟ ਪਾਸ ਹੋਣ ਨਾਲ ਵਰਕਰਜ਼ ਨੂੰ ਕਿਸੇ ਤਰ੍ਹਾਂ ਦੀ ਨੌਕਰੀ ਸਬੰਧੀ ਕਾਰਵਾਈ ਕਰਨ ਦਾ ਅਧਿਕਾਰ ਨਹੀਂ ਹੋਵੇਗਾ। ਇਹ ਬਿੱਲ ਸੋਮਵਾਰ ਨੂੰ ਪੇਸ਼ ਕੀਤਾ ਗਿਆ ਤੇ ਵੀਰਵਾਰ ਦੁਪਹਿਰ ਨੂੰ ਇਸ ਨੂੰ ਪਾਸ ਕਰ ਦਿੱਤਾ ਗਿਆ। ਸਿੱਖਿਆ ਮੰਤਰੀ ਸਟੀਫਨ ਲਿਚੇ ਦੇ ਨੁਮਾਇੰਦੇ ਨੇ ਦੱਸਿਆ ਕਿ ਇੱਕ ਵਾਰੀ ਸ਼ਾਹੀ ਮਨਜ਼ੂਰੀ ਮਿਲਣ ਤੋਂ ਬਾਅਦ ਬਿੱਲ ਕਾਨੂੰਨ ਦਾ ਰੂਪ ਲੈ ਲੈਂਦਾ ਹੈ ਤੇ ਉਸੇ ਦਿਨ ਲਾਗੂ ਹੋ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਐਜੂਕੇਸ਼ਨ ਸਪੋਰਟ ...ਬਾਕੀ ਸਫਾ 6 'ਤੇ

## ਡੇਅਲਾਈਟ ਸੇਵਿੰਗਜ਼ ਸਮਾਂ ਖ਼ਤਮ ਹੋਣ ਦੇ ਬਾਵਜੂਦ ਫਾਇਰ ਸੇਫਟੀ ਰਹੇਗੀ ਜਾਰੀ



ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਐਤਵਾਰ, 6 ਨਵੰਬਰ ਨੂੰ ਡੇਅਲਾਈਟ ਸੇਵਿੰਗਜ਼ ਟਾਈਮ ਖ਼ਤਮ ਹੋਣ ਜਾ ਰਿਹਾ ਹੈ ਤੇ ਇਸ ਦਰਮਿਆਨ ਰੈਜ਼ੀਡੈਂਟਸ ਨੂੰ ਇਹ ਚੇਤੇ ਕਰਵਾਇਆ ਜਾ ਰਿਹਾ ਹੈ ਕਿ ਉਹ ਆਪਣੀਆਂ ਘੜੀਆਂ ਨੂੰ ਇੱਕ ਘੰਟਾ ਪਿੱਛੇ ਕਰਨ ਸਮੇਂ ਸਮੋਕ ਐਂਡ ਕਾਰਬਨ ਮੋਨੋਆਕਸਾਈਡ ਅਲਾਰਮ ਟੈਸਟ ਕਰਨਾ ਨਾ ਭੁੱਲਣ।ਇਹ ਵੀ ਆਖਿਆ ਜਾ ਰਿਹਾ ਹੈ ਕਿ ਲੋੜ ਪੈਣ ਉੱਤੇ ਜਾਂ ਤਾਂ ਬੈਟਰੀਆਂ ਨੂੰ ਬਦਲ ਦਿਓ ਤੇ ਜਾਂ ਫਿਰ ਸਮੁੱਚੀ ਯੂਨਿਟ ਹੀ ਬਦਲ ਦਿੱਤੀ ਜਾਵੇ। ਸਾਰੇ ਅਲਾਰਮ, ਭਾਵੇਂ ਉਹ ਬਿਜਲੀ ਨਾਲ ਚੱਲਦੇ ਹੋਣ ਜਾਂ ਬੈਟਰੀ ਨਾਲ,ਦਸ ਸਾਲ ਮਗਰੋਂ ਬਦਲ ਦਿੱਤੇ ਜਾਣੇ ਚਾਹੀਦੇ ਹਨ।

ਫਾਇਰ ਚੀਫ ਡੇਵ ਫੌਰਫਾਰ ਨੇ ਆਖਿਆ ਕਿ ਜੇ ਤੁਹਾਡੇ ਕੋਲ ਫਿਊਲ ਨਾਲ ਚੱਲਣ ਵਾਲੇ ਅਪਲਾਇੰਸਿਜ਼ ਹਨ, ਫਾਇਰਪਲੇਸ ...ਬਾਕੀ ਸਫਾ 6 'ਤੇ

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LePAGE Flower City Realty

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

OURR HOME & APPLIANCES
NO TAX Special
$4999
KitchenAid moffat MAYTAG LG SAMSUNG Electrolux JENNAIR BOSCH Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0377 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West | 5781 Highway 7 Unit 10, Vaughan, ON L4L 1T8, (416)-477-5556
416-551-5553 www.ourrhomeappliances.com

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE
WHEN YOU SPEND OVER $20
TIFFEN SERVICES ARE ALSO AVAILABLE

INSURANCE
○Home ○Auto
○Business ○Trucking
○Life Insurance ○Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca
ksgpestcontrol@gmail.com
KSG Pest Control Inc.
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre 25 Years
Cell: 416-841-4218 Tel: 905-216-5563
Avon Financial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


KELLEY LAW OFFICE
Immigration Real Estate
Family Law Business Closing
Corporate Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਨਿਊਜਰਸੀ ਵਿਚ ਦੋ ਪੁਲਿਸ ਅਫਸਰਾਂ ਨੂੰ ਮਾਰੀ ਗੋਲੀ, ਹਾਲਤ ਸਥਿਰ



ਸੈਕਰਾਮੈਂਟੋ, 3 ਨਵੰਬਰ (ਹੁਸਨ ਲੜੋਆ ਬੰਗਾ)-ਨੇਵਾਰਕ (ਨਿਊਜਰਸੀ) ਵਿਚ ਇਕ ਵਿਅਕਤੀ ਨੇ ਅਚਨਚੇਤ ਗੋਲੀਆਂ ਚਲਾ ਕੇ ਦੋ ਪੁਲਿਸ ਅਫਸਰਾਂ ਨੂੰ ਜ਼ਖਮੀ ਕਰ ਦਿੱਤਾ। ਇਕ ਪੁਲਿਸ ਅਫਸਰ ਦੀ ਲੱਤ ਵਿਚ ਗੋਲੀ ਵੱਜੀ ਹੈ ਜਦ ਕਿ ਦੂਸਰੇ ਪੁਲਿਸ ਅਫਸਰ ਦੇ ਗਰਦਨ ਨੇੜੇ ਮੋਢੇ ਵਿਚ ਗੋਲੀ ਵੱਜੀ ਹੈ। ਦੋਨਾਂ ਪੁਲਿਸ ਅਫਸਰਾਂ ਦੀ ਹਾਲਤ ਸਥਿੱਰ ਹੈ। ਇਹ ਜਾਣਕਾਰੀ ਨੇਵਾਰਕ ਦੇ ਮੇਅਰ ਰਸ ਬਰਾਕਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ ਹੈ। ਉਨਾਂ ਕਿਹਾ ਹੈ ਕਿ ਜਿਸ ਇਮਾਰਤ ਵਿਚੋਂ ਗੋਲੀ ਚੱਲੀ ਹੈ ਉਹ ਖਾਲੀ ਕਰਵਾ ਲਈ ਗਈ ਹੈ ਪਰੰਤੂ ਅਜੇ ਤੱਕ ਸ਼ੱਕੀ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਉਨਾਂ ਕਿਹਾ ਕਿ ਪੁਲਿਸ ਅਫਸਰਾਂ ਤੇ ਹਮਲਾਵਰ ਵਿਚਾਲੇ ਮਾਮੂਲੀ ਤਕਰਾਰ ਹੋਈ ਜਿਸ ਉਪਰੰਤ ਹਮਲਾਵਰ ਨੇ ਆਪਣੀ ਗੰਨ ਕੱਢ ਲਈ ਤੇ ਗੋਲੀ ਚਲਾ ਦਿੱਤੀ। ਪੁਲਿਸ ਅਫਸਰਾਂ ਨੇ ਵੀ ਮੋੜਵਾਂ ਜਵਾਬ ਦਿੱਤਾ ਪਰੰਤੂ ਸ਼ੱਕੀ ਫਰਾਰ ਹੋਣ ਵਿਚ ਸਫਲ ਹੋ ਗਿਆ। ਉਨਾਂ ਕਿਹਾ ਕਿ ਸ਼ੱਕੀ ਨੂੰ ਛੇਤੀ ਫੜ ਲਿਆ ਜਾਵੇਗਾ। ਇਸ ਮਾਮਲੇ ਦੀ ਜਾਂਚ ਵਿਚ ਐਫ ਬੀ ਆਈ ਵੀ ਸਹਾਇਤਾ ਕਰ ਰਹੀ ਹੈ।

# ਅਮਰੀਕਾ ਦੇ ਕੈਨਸਸ ਸ਼ਹਿਰ ਵਿਚ ਹੈਲੋਵੀਨ ਪਾਰਟੀ ਦੌਰਾਨ ਗੋਲੀਬਾਰੀ, ਇਕ ਮੌਤ 6 ਹੋਰ ਜ਼ਖਮੀ

ਸੈਕਰਾਮੈਂਟੋ, 3 ਨਵੰਬਰ (ਹੁਸਨ ਲੜੋਆ ਬੰਗਾ) - ਅਮਰੀਕਾ ਦੇ ਕੈਨਸਸ ਰਾਜ ਦੇ ਵੱਡੇ ਸ਼ਹਿਰ ਕੈਨਸਸ ਵਿਚ ਇਕ ਹੈਲੋਵੀਨ ਹਾਊਸ ਪਾਰਟੀ ਵਿਚ ਆਏ ਬਿਨਾਂ ਬੁਲਾਏ ਕੁਝ ਲੋਕਾਂ ਦੇ ਸਮੂਹ ਨੇ ਗੋਲੀਆਂ ਚਲਾ ਕੇ ਇਕ 17 ਸਾਲਾ ਨਬਾਲਗ ਦੀ ਹੱਤਿਆ ਕਰ ਦਿੱਤੀ ਤੇ 6 ਹੋਰਨਾਂ ਨੂੰ ਜ਼ਖਮੀ ਕਰ ਦਿੱਤਾ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬਿਨਾਂ ਬੁਲਾਏ ਬਾਹਰੋਂ ਆਏ ਲੋਕਾਂ ਨੂੰ ਪਾਰਟੀ ਵਿਚੋਂ ਚਲੇ ਜਾਣ ਲਈ ਕਿਹਾ ਗਿਆ ਪਰੰਤੂ ਉਨਾਂ ਨੇ ਇਸ ਦਾ ਜਵਾਬ ਗੋਲੀਆਂ ਚਲਾ ਕੇ ਦਿੱਤਾ। ਹਾਲਾਂ ਕਿ ਪੁਲਿਸ ਨੇ ਇਕ ਵਿਅਕਤੀ ਨੂੰ ਹਿਰਾਸਤ ਵਿਚ ਲਿਆ ਹੈ ਪਰੰਤੂ ਪੁਲਿਸ




ਇਸ ਨੂੰ ਸ਼ੱਕੀ ਹਮਲਾਵਰ ਵਜੋਂ ਨਹੀਂ ਵੇਖ ਰਹੀ। ਪੁਲਿਸ ਨੇ ਮੌਕੇ ਤੋਂ ਇਕ ਵਾਹਣ ਵੀ ਕਬਜੇ ਵਿਚ ਲਿਆ ਹੈ। ਪੁਲਿਸ ਨੂੰ ਸ਼ੱਕ ਹੈ ਕਿ ਗੋਲੀ ਚਲਾਉਣ ਵਾਲੇ ਵਿਅਕਤੀ ਇਸ ਵਾਹਣ ਵਿਚ ਆਏ ਸਨ। ਕੈਨਸਸ ਸ਼ਹਿਰ ਦੇ ਪੁਲਿਸ ਮੁੱਖੀ ਕਾਰਲ ਓਕਮੈਨ ਨੇ ਕਿਹਾ ਹੈ ਕਿ ਪਾਰਟੀ ਵਿਚ 70 ਤੋਂ 100 ਤੱਕ ਨਬਾਲਗ ਸ਼ਾਮਿਲ ਸਨ ਜਦੋਂ ਕੁਝ ਲੋਕ ਜਬਰਦਸਤੀ ਪਾਰਟੀ ਵਿਚ ਸ਼ਾਮਿਲ ਹੋ ਗਏ ਜਿਨਾਂ ਨੇ ਮਖੌਟੇ ਪਾਏ ਹੋਏ ਸਨ। ਜਾਣ ਲੱਗਿਆਂ ਉਨਾਂ ਵਿਚੋਂ 4 ਤੋਂ 6 ਜਣਿਆਂ ਨੇ ਗੋਲੀਆਂ ਚਲਾਈਆਂ। ਪੁਲਿਸ ਦੋਸ਼ੀਆਂ ਦੀ ਭਾਲ ਵਿਚ ਜੁੱਟ ਗਈ ਹੈ ਜਿਨਾਂ ਨੂੰ ਛੇਤੀ ਕਾਬੂ ਕਰ ਲਿਆ ਜਾਵੇਗਾ।

## ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਦੀ ਸੂਰਤ ਵਿੱਚ ਸਕੂਲ ਬੰਦ ਰੱਖਣਗੇ ਓਨਟਾਰੀਓ ਦੇ ਦੋ ਸਕੂਲ ਬੋਰਡਜ਼

ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਦੇ ਦੋ ਸਕੂਲ ਬੋਰਡਜ਼ ਵੱਲੋਂ ਸੁੱਕਰਵਾਰ ਨੂੰ ਇਹ ਆਖਿਆ ਗਿਆ ਕਿ ਜੇ ਅਗਲੇ ਮਹੀਨੇ ਐਜੂਕੇਸ਼ਨ ਵਰਕਰਜ਼ ਹੜਤਾਲ ਉੱਤੇ ਜਾਂਦੇ ਹਨ ਤਾਂ ਉਹ ਸਕੂਲ ਬੰਦ ਕਰ ਦੇਣਗੇ।

ਕਵਾਰਥਾ ਪਾਈਨ ਰਿੱਜ ਡਿਸਟ੍ਰਿਕਟ ਸਕੂਲ ਬਰਡ ਤੇ ਪੀਟਰਬਰੋ ਵਿਕਟੋਰੀਆ ਨੌਰਥੰਬਰਲੈਂਡ ਐਂਡ ਕਲੇਰਿੰਗਟਨ ਕੈਥੋਲਿਕ ਸਕੂਲ ਬੋਰਡ ਨੇ ਆਖਿਆ ਕਿ ਇਹ ਫੈਸਲਾ ਕਈ ਗੱਲਾਂ ਜਿਵੇਂ ਕਿ ਵਿਦਿਆਰਥੀਆਂ ਦੀ ਸੁਪਰਵਿਜ਼ਨ, ਮੈਡੀਕਲ ਸਪੋਰਟ, ਸੈਨੀਟੇਸ਼ਨ ਤੇ ਸਕੂਲ ਦੀ ਸਮੁੱਚੀ ਸਕਿਊਰਿਟੀ ਨੂੰ ਧਿਆਨ ਵਿੱਚ ਰੱਖ ਕੇ ਲਿਆ ਜਾ ਰਿਹਾ ਹੈ।

ਕਵਾਰਥਾ ਪਾਈਨ ਰਿੱਜ



ਡਿਸਟ੍ਰਿਕਟ ਸਕੂਲ ਬੋਰਡ ਦੀ ਵੈੱਬਸਾਈਟ ਉੱਤੇ ਪੋਸਟ ਕੀਤੀ ਗਈ ਅਪਡੇਟ ਵਿੱਚ ਆਖਿਆ ਗਿਆ ਕਿ ਸਾਡੇ ਸਕੂਲਾਂ ਨੂੰ ਬੰਦ ਕਰਨ ਦਾ ਫੈਸਲਾ ਹਲਕੇ ਵਿੱਚ ਨਹੀਂ ਕੀਤਾ ਜਾ ਰਿਹਾ। ਪਰ ਹਕੀਕਤ ਇਹ ਹੈ ਕਿ ਕੂਪ ਐਜੂਕੇਸ਼ਨ ਵਰਕਰਜ਼ ਦੇ ਸਕੂਲਾਂ ਵਿੱਚ ਮੌਜੂਦ ਨਾ ਹੋਣ ਦੀ ਸੂਰਤ ਵਿੱਚ ਅਸੀਂ ਸਾਰੇ ਵਿਦਿਆਰਥੀਆਂ ਲਈ ਸੇਫ ਹਾਲਾਤ ਦੀ ਗਰੰਟੀ ਨਹੀਂ ਦੇ ਸਕਦੇ।

# ਦਰਹਾਮ ਦੇ ਐਮਰਜੰਸੀ ਡਿਪਾਰਟਮੈਂਟਸ ਦੀ ਹਾਲਤ ਨਾਜ਼ੁਕ

ਦਰਹਾਮ, 3 ਨਵੰਬਰ (ਪੋਸਟ ਬਿਊਰੋ) : ਲੇਕਰਿੱਜ ਹੈਲਥ ਤੇ ਰੀਜਨ ਆਫ ਦਰਹਾਮ ਪੈਰਾਮੈਡਿਕਸ ਸਰਵਿਸਿਜ਼ (ਆਰਡੀਪੀਐਸ) ਵੱਲੋਂ ਜਾਰੀ ਕੀਤੇ ਗਏ ਸਾਂਝੇ ਬਿਆਨ ਅਨੁਸਾਰ ਦਰਹਾਮ ਰੀਜਨ ਦੇ ਐਮਰਜੰਸੀ ਡਿਪਾਰਟਮੈਂਟਸ ਨੂੰ ਮਰੀਜ਼ਾਂ ਦੀ ਬਹੁਤਾਤ ਤੇ ਸਟਾਫ ਦੀ ਘਾਟ ਕਾਰਨ ਕਸੂਤੀ ਸਥਿਤੀ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ।



ਇਸ ਸਬੰਧ ਵਿੱਚ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਸ ਸਥਿਤੀ ਕਾਰਨ ਘੱਟ ਬਿਮਾਰ ਲੋਕਾਂ ਦੇ ਉਡੀਕ ਸਮੇਂ ਵਿੱਚ ਹੋਰ ਵਾਧਾ ਹੋਇਆ ਹੈ ਤੇ ਲੇਕਰਿੱਜ ਹੈਲਥ ਹਸਪਤਾਲਾਂ ਵਿੱਚ ਸਟਾਫ ਦੀ ਇਸ ਘਾਟ ਦੇ ਚੱਲਦਿਆਂ ਐਂਬੂਲੈਂਸਾਂ ਖਾਲੀ ਕਰਨ ਵਿੱਚ ਵੀ ਦਿੱਕਤ ਆ ਰਹੀ ਹੈ। ਗੈਰ ਜ਼ਰੂਰੀ ਮੈਡੀਕਲ ਟਰੀਟਮੈਂਟ ਲੈਣ ਵਾਲੇ ਸਾਰੇ ਰੈਜ਼ੀਡੈਂਟਸ ਨੂੰ ਹੋਰ ਬਦਲ ਜਿਵੇਂ ਕਿ ਵਾਕ ਇਨ ਕਲੀਨਿਕਸ, ਪ੍ਰਾਈਮਰੀ ਕੇਅਰ, ਅਰਜੈਂਟ ਕੇਅਰ ਜਾਂ ਵਰਚੂਅਲ ਕੇਅਰ, ਅਪਨਾਉਣ ਲਈ ਆਖਿਆ ਜਾ ਰਿਹਾ ਹੈ।

ਲੇਕਰਿੱਜ ਹੈਲਥ ਦੀ ਵੈੱਬਸਾਈਟ ਉੱਤੇ ਅਰਜੈਂਟ ਕੇਅਰ ਆਪਸ਼ਨਜ਼ ਉਪਲਬਧ ਹਨ ਜਿਨ੍ਹਾਂ ਦਾ ਲਾਹਾ ਰੈਜ਼ੀਡੈਂਟਸ ਲੈ ਸਕਦੇ ਹਨ। ਇਸ ਉੱਤੇ ਚਾਰੇ ਐਮਰਜੰਸੀ ਡਿਪਾਰਟਮੈਂਟ ਲਈ ਅੰਦਾਜ਼ਨ ਉਡੀਕ ਸਮਾਂ ਵੀ ਦਿੱਤਾ ਗਿਆ ਹੈ। ਉਡੀਕ ਸਮੇਂ ਨੂੰ ਹਰ ਅੱਧੇ ਘੰਟੇ ਬਾਅਦ ਰੀਫਰੈਸ਼ ਕੀਤਾ ਜਾਂਦਾ ਹੈ। ਲੇਕਰਿੱਜ ਹੈਲਥ ਦਾ ਕਹਿਣਾ ਹੈ ਕਿ ਉਹ ਕਿਸੇ ਮਰੀਜ਼ ਬਾਰੇ ਇਹ ਨਹੀਂ ਦੱਸ ਸਕਦੇ ਕਿ ਉਸ ਨੂੰ ਹਸਪਤਾਲ ਵਿੱਚ ਕਿੰਨਾ ਸਮਾਂ ਰੁਕਣਾ ਪਵੇਗਾ ਕਿਉਂਕਿ ਇਹ ਸੱਭ ਹਰ ਕਿਸੇ ਮਰੀਜ਼ ਦੀ ਸਾਂਭ ਸੰਭਾਲ ਤੇ ਉਸ ਦੇ ਕੀਤੇ ਜਾਣ ਵਾਲੇ ਟੈਸਟਸ ਉੱਤੇ ਨਿਰਭਰ ਕਰਦਾ ਹੈ।

ਇਹ ਵੀ ਆਖਿਆ ਗਿਆ ਹੈ ਕਿ ਜੇ ਕਿਸੇ ਨੂੰ ਫਰੀ ਮੈਡੀਕਲ ਅਟੈਂਸ਼ਨ ਦੀ ਲੋੜ ਹੈ ਤਾਂ ਉਸ ਨੂੰ ਜਾਂ ਤਾਂ 911 ਉੱਤੇ ਕਾਲ ਕਰਨਾ ਚਾਹੀਦਾ ਹੈ ਤੇ ਜਾਂ ਫਿਰ ਨੇੜਲੇ ਐਮਰਜੰਸੀ ਡਿਪਾਰਟਮੈਂਟ ਦਾ ਦੌਰਾ ਕਰਨਾ ਚਾਹੀਦਾ ਹੈ। ਇਸ ਸਾਂਝੇ ਬਿਆਨ ਵਿੱਚ ਇਹ ਵੀ ਆਖਿਆ ਗਿਆ ਹੈ ਕਿ ਸਾਰੇ ਲੋਕ ਜਿਨ੍ਹਾਂ ਨੂੰ ਨਾਜ਼ੁਕ ਹਾਲਤ ਵਿੱਚ ਲੇਕਰਿੱਜ ਹੈਲਥ ਐਮਰਜੰਸੀ ਡਿਪਾਰਟਮੈਂਟ ਲਿਆਂਦਾ ਗਿਆ ਹੈ ਤੇ ਜਿਨ੍ਹਾਂ ਮਰੀਜ਼ਾਂ ਦੀ ਜਾਨ ਨੂੰ ਖਤਰਾ ਹੈ ਉਨ੍ਹਾਂ ਦੀ ਸਾਂਭ ਸੰਭਾਲ ਪਹਿਲ ਦੇ ਆਧਾਰ ਉੱਤੇ ਕੀਤੀ ਜਾਂਦੀ ਹੈ।

ਨਾਜ਼ੁਕ ਹਾਲਤ ਬਾਰੇ ਦੱਸਿਆ ਗਿਆ ਹੈ ਕਿ ਜਿਵੇਂ ਕਿਸੇ ਨੂੰ ਛਾਤੀ ਵਿੱਚ ਦਰਦ ਹੋਵੇ ਜਾਂ ਬੇਚੈਨੀ ਹੋ ਰਹੀ ਹੋਵੇ, ਨਬਜ਼ ਨਾ ਮਿਲ ਰਹੀ ਹੋਵੇ, ਬੇਹੋਸ਼ੀ ਦੀ ਹਾਲਤ, ਸਾਹ ਲੈਣ ਵਿੱਚ ਦਿੱਕਤ, ਹੱਦੋਂ ਵੱਧ ਖੂਨ ਵਗਣਾ, ਸਾਹ ਨਾ ਆਉਣਾ, ਬੇਹੋਸ਼ੀ ਛਾਣਾ ਤੇ ਹੋਰ ਗੰਭੀਰ ਟਰੌਮਾ ਸ਼ਾਮਲ ਹਨ।

# ਐਜੂਕੇਸ਼ਨ ਵਰਕਰਜ਼ ਦੀ ਹੜਤਾਲ ਰੋਕਣ ਲਈ ਫੋਰਡ ਸਰਕਾਰ ਬਿੱਲ ਪੇਸ਼ ਕਰਨ ਦੀ ਕਰ ਰਹੀ ਹੈ ਤਿਆਰੀ

ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਐਜੂਕੇਸ਼ਨ ਵਰਕਰਜ਼ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਲਈ ਫੋਰਡ ਸਰਕਾਰ ਸੋਮਵਾਰ ਨੂੰ ਨਵਾਂ ਬਿੱਲ ਪੇਸ਼ ਕਰਨ ਦੀ ਤਿਆਰੀ ਕਰ ਰਹੀ ਹੈ।

ਦ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ (ਕੂਪ), ਜੋ ਕਿ ਓਨਟਾਰੀਓ ਦੇ 55,000 ਐਜੂਕੇਸ਼ਨ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਐਤਵਾਰ ਸਵੇਰੇ ਪ੍ਰੋਵਿੰਸ ਪੱਧਰ ਉੱਤੇ ਹੜਤਾਲ ਕਰਨ ਲਈ ਪੰਜ ਦਿਨਾਂ ਦਾ ਨੋਟਿਸ ਦਿੱਤਾ ਹੈ। ਯੂਨੀਅਨ ਨੇ ਇਹ ਵੀ ਆਖਿਆ ਹੈ ਕਿ ਜੇ ਸ਼ੁੱਕਰਵਾਰ ਤੱਕ ਕੋਈ ਸਮਝੌਤਾ ਸਿਰੇ ਨਹੀਂ ਚੜ੍ਹਦਾ ਤਾਂ ਇਹ ਹੜਤਾਲ ਕੀਤੀ ਜਾਵੇਗੀ।

ਐਤਵਾਰ ਦੁਪਹਿਰ ਨੂੰ ਗੈਰਨਿਰਧਾਰਤ ਮੀਟਿੰਗ ਤੋਂ ਬਾਅਦ



ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਆਖਿਆ ਕਿ ਯੂਨੀਅਨ ਵੱਲੋਂ ਹੜਤਾਲ ਕੀਤੇ ਜਾਣ ਦੀ ਜ਼ਿੱਦ ਉੱਤੇ ਅੜੇ ਰਹਿਣ ਕਾਰਨ ਹੁਣ ਉਨ੍ਹਾਂ ਕੋਲ ਨਵਾਂ ਬਿੱਲ ਪੇਸ਼ ਕਰਨ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਹੈ। ਉਨ੍ਹਾਂ ਆਖਿਆ ਕਿ ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ ਤੇ ਉਨ੍ਹਾਂ ਦੀ ਪੜ੍ਹਾਈ ਨੂੰ ਜਾਰੀ ਰੱਖਣ ਲਈ ਇਹ ਫੈਸਲਾ ਕਰਨਾ ਪੈ ਰਿਹਾ ਹੈ।

ਕੂਪ ਦੇ ਓਨਟਾਰੀਓ ਸਕੂਲ ਬੋਰਡ ਕਾਊਂਸਲ ਆਫ ਯੂਨੀਅਨਜ਼ ਦੀ ਪ੍ਰੈਜ਼ੀਡੈਂਟ ਲੌਰਾ ਵਾਲਟਨ ਨੇ ਆਖਿਆ ਕਿ ਸਰਕਾਰ ਨਾ ਸਿਰਫ ਐਜੂਕੇਸ਼ਨ ਵਰਕਰਜ਼ ਨੂੰ ਹੜਤਾਲ ਉੱਤੇ ਜਾਣ ਤੋਂ ਰੋਕਣ ਦੀ ਤਿਆਰੀ ਕਰ ਰਹੀ ਹੈ ਸਗੋਂ ਉਨ੍ਹਾਂ ਉੱਤੇ ਕਾਂਟਰੈਕਟ ਵੀ ਜ਼ਬਰਦਸਤੀ ਮੜ੍ਹਨ ਦੀ ਤਿਆਰੀ ਕੀਤੀ ਜਾ ਰਹੀ ਹੈ।

## ਸੀਆਰਪੀਐਫ ਵਿੱਚ ਪਹਿਲੀ ਵਾਰ ਦੋ ਮਹਿਲਾ ਅਧਿਕਾਰੀਆਂ ਨੂੰ ਆਈਜੀ ਰੈਂਕ ਮਿਲਿਆ

ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ)- ਕੇਂਦਰੀ ਰਿਜ਼ਰਵ ਪੁਲਸ ਬਲ (ਸੀ.ਆਰ.ਪੀ.ਐੱਫ.) 'ਚ ਪਹਿਲੀ ਮਹਿਲਾ ਬਟਾਲੀਅਨ ਦੇ ਗਠਨ ਤੋਂ ਬਾਅਦ 35 ਸਾਲਾਂ 'ਚ ਪਹਿਲੀ ਵਾਰ ਦੋ ਮਹਿਲਾ ਅਧਿਕਾਰੀਆਂ ਨੂੰ ਇੰਸਪੈਕਟਰ ਜਨਰਲ (ਆਈਜੀ) ਦੇ ਅਹੁਦੇ 'ਤੇ ਤਰੱਕੀ ਦਿੱਤੀ ਗਈ ਹੈ। ਆਈਜੀ ਸੀਆਰਪੀਐਫ ਵਿੱਚ ਇੱਕ ਸੈਕਟਰ ਦਾ ਮੁਖੀ ਹੈ। ਇਨ੍ਹਾਂ ਦੋਵਾਂ ਮਹਿਲਾ ਅਧਿਕਾਰੀਆਂ ਨੂੰ 1987 ਵਿੱਚ ਭਰਤੀ ਕੀਤਾ ਗਿਆ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸੀਆਰਪੀਐਫ ਹੈੱਡਕੁਆਰਟਰ ਵਲੋਂ ਜਾਰੀ ਹੁਕਮਾਂ ਅਨੁਸਾਰ ਐਨੀ ਅਬਰਾਹਮ ਨੂੰ ਰੈਪਿਡ ਐਕਸ਼ਨ ਫੋਰਸ (ਆਰਏਐਫ) ਦਾ ਆਈਜੀ ਨਿਯੁਕਤ ਕੀਤਾ ਗਿਆ ਹੈ, ਸੀਮਾ ਧੂੰਦੀਆ ਨੂੰ ਬਿਹਾਰ ਸੈਕਟਰ ਦਾ ਆਈਜੀ ਬਣਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਆਰਏਐਫ ਦੀ ਅਗਵਾਈ ਇੱਕ ਮਹਿਲਾ ਆਈਜੀ ਕਰੇਗੀ। ਐਨੀ ਅਬਰਾਹਮ ਨੇ ਦੱਸਿਆ, "ਅਸੀਂ 1986 ਵਿੱਚ ਸੀਆਰਪੀਐਫ ਵਿੱਚ



ਸ਼ਾਮਲ ਹੋਏ ਅਤੇ ਇੱਕ ਸਾਲ ਬਾਅਦ ਭਰਤੀ ਹੋਏ। ਅਸੀਂ ਕਈ ਮੁਸ਼ਕਲ ਹਾਲਾਤਾਂ ਦਾ ਸਾਹਮਣਾ ਕੀਤਾ ਹੈ।" ਐਨੀ ਨੇ ਦੱਸਿਆ ਕਿ ਸਿਖਲਾਈ ਤੋਂ ਬਾਅਦ ਉਸ ਨੂੰ ਅਯੁੱਧਿਆ ਵਿੱਚ ਪੋਸਟਿੰਗ ਦਿੱਤੀ ਗਈ ਸੀ। ਉਸਨੇ ਕਿਹਾ, "ਇਹ ਸ਼ੁਰੂਆਤੀ ਦਿਨ ਸਨ ਅਤੇ ਝੜਪਾਂ ਅਜੇ ਸ਼ੁਰੂ ਹੋਈਆਂ ਸਨ ਪਰ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿ-ਲਿਆ।" ਦੋਵੇਂ ਅਫਸਰਾਂ ਨੇ ਸੰਯੁਕਤ ਰਾਸ਼ਟਰ (ਯੂ.ਐਨ.) ਵਿੱਚ ਭਾਰਤੀ ਪੁਲਿਸ ਦਲ ਦੀ ਵੀ ਕਮਾਂਡ ਕੀਤੀ ਹੈ। ਸੀਆਰਪੀਐਫ ਦੇ ਬੁਲਾਰੇ ਨੇ ਦੱਸਿਆ ਕਿ ਉਨ੍ਹਾਂ ਨੂੰ ਵਿਸ਼ੇਸ਼ ਸੇਵਾ ਲਈ ਰਾਸ਼ਟਰਪਤੀ ਪੁਲਿਸ ਮੈਡਲ, ਸ਼ਾਨਦਾਰ ਸੇਵਾ ਲਈ ਪੁਲਿਸ ਮੈਡਲ ਅਤੇ 'ਅਤਿ ਉਤਕ੍ਰਿਸ਼ਟ ਸੇਵਾ ਮੈਡਲ' ਨਾਲ ਵੀ ਸਨਮਾਨਿਤ ਕੀਤਾ ਗਿਆ ਹੈ।

## ਦਿੱਲੀ ਦੀ ਹਵਾ ਲਗਾਤਾਰ ਹੁੰਦੀ ਜਾ ਰਹੀ ਜ਼ਹਿਰੀਲੀ, ਹਵਾ ਦੀ ਗੁਣਵੱਤਾ ਬਹੁਤ ਖਰਾਬ



ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ)- ਰਾਸ਼ਟਰੀ ਰਾਜਧਾਨੀ ਵਿੱਚ ਐਤਵਾਰ ਨੂੰ ਹਵਾ ਦੀ ਗੁਣਵੱਤਾ ਬਹੁਤ ਖ਼ਰਾਬ ਸ਼੍ਰੇਣੀ ਵਿੱਚ ਦਰਜ ਕੀਤੀ ਗਈ ਜਦੋਂ ਕਿ ਘੱਟੋ-ਘੱਟ ਤਾਪਮਾਨ 15 ਡਿਗਰੀ ਸੈਲਸੀਅਸ ਰਿਹਾ, ਜੋ ਕਿ ਆਮ ਨਾਲੋਂ ਇੱਕ ਡਿਗਰੀ ਘੱਟ ਹੈ। ਭਾਰਤੀ ਮੌਸਮ ਵਿਭਾਗ ਨੇ ਕਿਹਾ ਕਿ ਐਤਵਾਰ ਸਵੇਰੇ 8.30 ਵਜੇ ਸਾਪੇਖਿਕ ਨਮੀ 70 ਫੀਸਦੀ ਸੀ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ (ਸੀਪੀਸੀਬੀ) ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਦਿੱਲੀ ਵਿੱਚ ਸਵੇਰੇ 9.10 ਵਜੇ ਏਅਰ ਕੁਆਲਿਟੀ ਇੰਡੈਕਸ (ਏਕਿਊਆਈ) 367 ਸੀ, ਜੋ ਕਿ ਬਹੁਤ ਖਰਾਬ ਸ਼੍ਰੇਣੀ ਵਿਚ ਆਉਂਦਾ ਹੈ। ਅੰਕੜਿਆਂ ਅਨੁਸਾਰ, ਦਿੱਲੀ ਦੇ ਪ੍ਰਮੁੱਖ ਨਿਗਰਾਨੀ ਸਟੇਸ਼ਨਾਂ 'ਤੇ ਗੰਭੀਰ ਸ਼੍ਰੇਣੀ ਵਿੱਚ ਦਰਜ ਕੀਤਾ ਗਿਆ ਸੀ। ਸਟੇਸ਼ਨਾਂ ਐਨਐਸਆਈਟੀ ਦਵਾਰਕਾ (411), ਜਹਾਂਗੀਰਪੁਰੀ (407), ਵਿਵੇਕ ਵਿਹਾਰ (423), ਵਜ਼ੀਰਪੁਰ (412) ਅਤੇ ਆਨੰਦ ਵਿਹਾਰ (468)।

ਜ਼ੀਰੋ ਤੋਂ 50 ਦੇ ਵਿਚਕਾਰ ਨੂੰ ਚੰਗਾ, 51 ਤੋਂ 100 ਤਸੱਲੀਬਖਸ਼, 101 ਤੋਂ 200 ਦਰਮਿਆਨਾ, 201 ਤੋਂ 300 ਖਰਾਬ, 301 ਤੋਂ 400 ਬਹੁਤ ਖਰਾਬ ਅਤੇ 401 ਤੋਂ 500 ਨੂੰ ਗੰਭੀਰ ਮੰਨਿਆ ਜਾਂਦਾ ਹੈ। ਮੌਸਮ ਵਿਭਾਗ ਨੇ ਦਿਨ ਵੇਲੇ ਦਿੱਲੀ ਵਿੱਚ ਆਸਮਾਨ ਸਾਫ਼ ਰਹਿਣ ਦੀ ਸੰਭਾਵਨਾ ਜਤਾਈ ਹੈ। ਰਾਸ਼ਟਰੀ ਰਾਜਧਾਨੀ ਵਿੱਚ ਵੱਧ ਤੋਂ ਵੱਧ ਤਾਪਮਾਨ 32 ਡਿਗਰੀ ਸੈਲਸੀਅਸ ਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ।

# ਅਫਗਾਨਿਸਤਾਨ ’ਚ ਮਿੰਨੀ ਬੱਸ ਧਮਾਕੇ ਦਾ ਸ਼ਿਕਾਰ, ਸਰਕਾਰੀ ਕਰਮਚਾਰੀ ਸਵਾਰ ਸਨ

ਕਾਬੁਲ, 3 ਨਵੰਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਪੁਲਸ ਜ਼ਿਲਾ 5 'ਚ ਬੁੱਧਵਾਰ ਨੂੰ ਸਰਕਾਰੀ ਕਰਮਚਾਰੀਆਂ ਦੀ ਇਕ ਮਿੰਨੀ ਬੱਸ ਨੂੰ ਨਿਸ਼ਾਨਾ ਬਣਾ ਕੇ ਹੋਏ ਬੰਬ ਧਮਾਕੇ 'ਚ 8 ਲੋਕ ਜ਼ਖਮੀ ਹੋ ਗਏ। ਕਾਬੁਲ ਪੁਲਿਸ ਦੇ ਬੁਲਾਰੇ ਖਾਲਿਦ ਜ਼ਦਰਾਨ ਨੇ ਕਿਹਾ, "ਬੁੱਧਵਾਰ ਸਵੇਰੇ ਪੁਲਿਸ ਜ਼ਿਲ੍ਹਾ 5 ਵਿੱਚ ਪੇਂਡੂ ਪੁਨਰਵਾਸ ਅਤੇ ਵਿਕਾਸ ਮੰਤਰਾਲੇ ਦੇ ਕਰਮਚਾਰੀਆਂ ਦੀ ਇਕ ਮਿੰਨੀ ਬੱਸ ਨੂੰ ਸੜਕ ਕਿਨ-ਾਰੇ ਇੱਕ ਬੰਬ ਨਾਲ ਨਿਸ਼ਾਨਾ ਬਣਾਇਆ ਗਿਆ ਅਤੇ ਬੰਬ ਧਮਾਕੇ ਵਿੱਚ ਅੱਠ ਲੋਕ ਜ਼ਖਮੀ ਹੋ ਗਏ।" ਉਨ੍ਹਾਂ ਕਿਹਾ ਕਿ ਸਾਰੇ ਜ਼ਖਮੀਆਂ ਨੂੰ ਹਸਪਤਾਲ ਲਿਜਾਇਆ ਗਿਆ ਹੈ, ਕਿਸੇ ਸਮੂਹ ਜਾਂ ਵਿਅਕਤੀ ਨੇ ਧਮਾਕੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ।

ਇਸ ਸਾਲ ਅਗਸਤ ਦੇ ਅੱਧ ਵਿੱਚ, ਕਾਬੁਲ ਵਿੱਚ ਬੁੱਧਵਾਰ ਸ਼ਾਮ ਦੀ ਨਮਾਜ਼ ਦੌਰਾਨ ਇੱਕ ਮਸਜਿਦ ਵਿੱਚ ਇੱਕ ਵੱਡਾ ਧਮਾਕਾ ਹੋਇਆ ਸੀ, ਜਿਸ ਵਿੱਚ ਚਸ਼ਮਦੀਦ ਗਵਾਹਾਂ



ਅਤੇ ਪੁਲਿਸ ਨੇ ਕਿਹਾ ਸੀ ਕਿ ਕਈ ਲੋਕਾਂ ਦੇ ਮਾਰੇ ਜਾਣ ਅਤੇ ਜ਼ਖਮੀ ਹੋਣ ਦਾ ਖਦਸ਼ਾ ਹੈ। ਪੁਲਿਸ ਨੇ ਕਿਹਾ ਕਿ ਕਈ ਜ਼ਖਮੀ ਹੋਏ ਹਨ, ਪਰ ਇਹ ਨਹੀਂ ਦੱਸਿਆ ਕਿ ਕਿੰਨੇ ਹਨ। ਤਾਲਿਬਾਨ ਦੇ ਇਕ ਖੁਫੀਆ ਅਧਿਕਾਰੀ ਨੇ ਰਾਇਟਰਜ਼ ਨੂੰ ਦੱਸਿਆ ਕਿ 35 ਲੋਕ ਜ਼ਖਮੀ ਜਾਂ ਮਾਰੇ ਗਏ ਹਨ। ਜਦਕਿ ਅਲ ਜਜ਼ੀਰਾ ਨੇ ਇਕ ਅਣਪਛਾਤੇ ਅਧਿਕਾਰੀ ਦੇ ਹਵਾਲੇ ਨਾਲ ਕਿਹਾ ਕਿ 20 ਲੋਕ ਮਾਰੇ ਗਏ ਹਨ।

ਇਸ ਦੇ ਨਾਲ ਹੀ, ਅਗਸਤ ਦੇ ਸ਼ੁਰੂ ਵਿੱਚ, ਪੂਰਬੀ ਅਫਗਾਨਿਸਤਾਨ ਦੇ ਪਕਤਿਕਾ ਸੂਬੇ ਵਿੱਚ ਇੱਕ ਰਹੱਸਮਈ ਧਮਾਕੇ ਵਿੱਚ ਪਾਬੰਦੀਸ਼ੁਦਾ ਤਹਿਰੀਕ-ਏ-ਤਾਲਿਬਾਨ ਪਾਕਿ-ਸਤਾਨ (ਟੀਟੀਪੀ) ਦਾ ਇੱਕ ਚੋਟੀ ਦਾ ਕਮਾਂਡਰ ਉਮਰ ਖਾਲਿਦ ਖੁਰਾਸਾਨੀ ਅਤੇ ਤਿੰਨ ਹੋਰ ਪ੍ਰਮੁੱਖ ਅੱਤਵਾਦੀ ਮਾਰੇ ਗਏ ਸਨ। ਅਫਗਾਨ ਅਧਿਕਾਰੀਆਂ ਅਤੇ ਸਥਾਨਕ ਸੂਤਰਾਂ ਦੇ ਮੁਤਾਬਕ ਖੁਰਾਸਾਨੀ ਸਮੇਤ ਅੱਤਵਾਦੀ ਸੰਗਠਨ ਦੇ ਸੀਨੀਅਰ ਕਮਾਂਡਰਾਂ ਨੂੰ ਲੈ ਕੇ ਜਾ ਰਹੇ ਇਕ ਵਾਹਨ ਨੂੰ ਐਤਵਾਰ ਨੂੰ ਰਹੱਸਮਈ ਵਿਸਫੋਟਕ ਯੰਤਰ ਨਾਲ ਨਿਸ਼ਾਨਾ ਬਣਾਇਆ ਗਿਆ।

# ਨਿਰਮਾਣ ਅਧੀਨ ਸੁਰੰਗ ’ਚ ਜ਼ਮੀਨ ਖਿਸਕਣ ਕਾਰਨ 1 ਦੀ ਮੌਤ, ਕਈ ਫਸੇ



ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲੇ 'ਚ ਸ਼ਨੀਵਾਰ ਨੂੰ ਇਕ ਪਾਵਰ ਪ੍ਰੋਜੈਕਟ ਸਾਈਟ ਨੇੜੇ ਪਹੁੰਚ ਸੜਕ ਦੇ ਨਿਰਮਾਣ ਦੌਰਾਨ ਜ਼ਮੀਨ ਖਿਸਕਣ ਕਾਰਨ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਲੋਕਾਂ ਦੇ ਫਸ ਜਾਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਰਾਤਲੇ ਇਲਾਕੇ 'ਚ ਹੋਈ ਇਸ ਘਟਨਾ 'ਚ ਪੰਜ ਲੋਕ ਜ਼ਖਮੀ ਹੋ ਗਏ। ਕਿਸ਼ਤਵਾੜ ਦੇ ਡਿਪਟੀ ਕਮਿਸ਼ਨਰ ਦੇਵਾਂਸ਼ ਯਾਦਵ ਨੇ ਦੱਸਿਆ ਕਿ ਮਜ਼ਦੂਰ ਰਤਲੇ ਪਾਵਰ ਪ੍ਰੋਜੈਕਟ ਸਾਈਟ ਦੇ ਨੇੜੇ ਪਹੁੰਚ ਸੜਕ ਦੇ ਨਿਰਮਾਣ ਦਾ ਕੰਮ ਕਰ ਰਹੇ ਸਨ ਅਤੇ ਇੱਕ ਜੇਸੀਬੀ ਮਸ਼ੀਨ ਖੁਦਾਈ ਕਰ ਰਹੀ ਸੀ, ਜਦੋਂ ਇੱਕ ਵੱਡਾ ਪੱਥਰ ਖਿਸਕ ਗਿਆ, ਜਿਸ ਕਾਰਣ ਮਜ਼ਦੂਰਾਂ ਫਸ ਗਏ।

ਉਨ੍ਹਾਂ ਕਿਹਾ ਕਿ ਤੁਰੰਤ ਬਚਾਅ ਕਾਰਜ ਸ਼ੁਰੂ ਕੀਤੇ ਗਏ ਅਤੇ ਮਲਬੇ ਵਿੱਚੋਂ ਪੰਜ ਲੋਕਾਂ ਨੂੰ ਕੱਢ ਕੇ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ। ਯਾਦਵ ਨੇ ਦੱਸਿਆ ਕਿ ਮਲਬੇ ਹੇਠ ਅਜੇ ਵੀ ਪੰਜ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ। ਫੌਜ, ਪੁਲਿਸ ਅਤੇ ਪ੍ਰਸ਼ਾਸਨ ਦੇ ਜਵਾਨ ਬਚਾਅ ਕਾਰਜ ਵਿੱਚ ਲੱਗੇ ਹੋਏ ਹਨ।

# ਸਰਕਾਰੀ ਕੰਟੀਨ ਦੇ ਭਾਂਡੇ ਚੱਟਦੇ ਹੋਏ ਸੂਰ, ਵੀਡੀਓ ਹੋਈ ਵਾਇਰਲ

ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ)- ਰਾਜਸਥਾਨ ਸਰਕਾਰ ਨੇ ਕੋਵਿਡ ਦੇ ਸਮੇਂ ਦੌਰਾਨ ਲੋਕਾਂ ਨੂੰ ਸਸਤਾ ਭੋਜਨ ਮੁਹੱਈਆ ਕਰਵਾਉਣ ਲਈ ਇੰਦਰਾ ਰਸੋਈ ਯੋਜਨਾ ਦੇ ਤਹਿਤ ਰਾਜ ਭਰ ਵਿੱਚ ਕਈ ਸਰਕਾਰੀ ਕੰਟੀਨਾਂ ਖੋਲ੍ਹੀਆਂ ਸਨ। ਉਸ ਦੌਰਾਨ ਇਹ ਕੰਟੀਨ ਆਪਣੇ ਸਸਤੇ ਅਤੇ ਸਵਾਦਿਸ਼ਟ ਭੋਜਨ ਨੂੰ ਲੈ ਕੇ ਕਾਫੀ ਚਰਚਾ 'ਚ ਰਹੀ ਸੀ। ਹੁਣ ਇੱਕ ਵਾਰ ਫਿਰ ਇਹ ਕੰਟੀਨ ਚਰਚਾ ਵਿੱਚ ਹਨ ਪਰ ਗਲਤ ਕਾਰਨਾਂ ਕਰਕੇ।



ਦਰਅਸਲ, ਸੋਸ਼ਲ ਮੀਡੀਆ 'ਤੇ ਅਜਿਹੀ ਹੀ ਇਕ ਕੰਟੀਨ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜਿਸ 'ਚ ਸੂਰ ਸਫਾਈ ਲਈ ਰੱਖੇ ਭਾਂਡੇ ਚੱਟਦੇ ਨਜ਼ਰ ਆ ਰਹੇ ਹਨ। ਵਾਇਰਲ ਹੋਇਆ ਇਹ ਵੀਡੀਓ ਐੱਮਐੱਸਜੇ ਕਾਲਜ ਭਰਤਪੁਰ ਦੀ ਦੱਸੀ ਜਾ ਰਹੀ ਹੈ। ਇਸ ਘਟਨਾ ਬਾਰੇ ਭਰਤਪੁਰ ਦੇ ਮੇਅਰ ਨੇ ਕਿਹਾ ਕਿ ਮੈਂ ਇਹ ਵੀਡੀਓ ਦੇਖੀ ਹੈ। ਫਿਲਹਾਲ ਅਸੀਂ ਇਸ ਪੂਰੇ ਮਾਮਲੇ ਦੀ ਜਾਂਚ ਕਰ ਰਹੇ ਹਾਂ। ਇਹ ਸਾਰਾ ਮਾਮਲਾ ਅਣਗਹਿਲੀ ਦਾ ਜਾਪਦਾ ਹੈ। ਇਸ ਮਾਮਲੇ ਵਿੱਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਇਕ ਹੋਰ ਅਧਿਕਾਰੀ ਨੇ ਦੱਸਿਆ ਕਿ ਘਟਨਾ ਦੇ ਸਾਹਮਣੇ ਆਉਣ ਤੋਂ ਬਾਅਦ ਕੰਟੀਨ ਮਾਲਕ ਦਾ ਲਾਇਸੈਂਸ ਰੱਦ ਕਰ ਦਿੱਤਾ ਗਿਆ ਹੈ।

# ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਜੰਗ ਦੇ ਮੁਹਾਨੇ ’ਤੇ, ਦੋਵਾਂ ਨੇ ਇਕ ਦੂਜੇ ਦੇ ਖੇਤਰ ਵਿਚ ਦਾਗੀਆਂ ਮਿਜ਼ਾਈਲਾਂ

ਸਿਊਲ, 3 ਨਵੰਬਰ (ਪੋਸਟ ਬਿਊਰੋ)- ਉੱਤਰੀ ਕੋਰੀਆ ਅਤੇ ਦੱਖਣੀ ਕੋਰੀਆ ਨੇ ਬੁੱਧਵਾਰ ਨੂੰ ਇੱਕ ਦੂਜੇ ਦੀਆਂ ਸਮੁੰਦਰੀ ਸਰਹੱਦਾਂ ਵਿੱਚ ਮਿਜ਼ਾਈਲਾਂ ਦਾਗੀਆਂ। ਬੀਬੀਸੀ ਦੀ ਰਿਪੋਰਟ ਦੇ ਅਨੁਸਾਰ, ਉੱਤਰੀ ਕੋਰੀਆ ਨੇ ਦੱਖਣੀ ਕੋਰੀਆ ਦੇ ਸ਼ਹਿਰ ਸੋਕਚੋ ਤੋਂ ਲਗਭਗ 60 ਕਿਲੋਮੀਟਰ (37 ਮੀਲ) ਦੂਰ ਉਲੁੰਗਡੋ ਟਾਪੂ 'ਤੇ ਟੀਚਿਆਂ ਨੂੰ ਮਾਰਨ ਦੇ ਸਮਰੱਥ ਇੱਕ ਛੋਟੀ ਦੂਰੀ ਦੀ ਬੈਲਿਸਟਿਕ ਮਿਜ਼ਾਈਲ ਦਾਗੀ। ਤਿੰਨ ਘੰਟੇ ਬਾਅਦ ਡੀ. ਕੋਰੀਆ ਨੇ ਜਵਾਬੀ ਕਾਰਵਾਈ ਕੀਤੀ। ਉੱਤਰੀ ਕੋਰੀਆ ਦੀਆਂ ਕਾਰਵਾਈਆਂ ਉਸ ਦੇ ਖੇਤਰ ਦੀ "ਅਸਵੀਕਾਰਨਯੋਗ" ਉਲੰਘਣਾ ਹੈ। ਜਵਾਬੀ ਕਾਰਵਾਈ 'ਚ ਇਸ ਨੇ ਤਿੰਨ ਹਵਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦਾਗੀਆਂ, ਜੋ ਉੱਤਰੀ ਸੀਮਾ ਰੇਖਾ ਤੋਂ ਬਰਾਬਰ ਦੀ ਦੂਰੀ 'ਤੇ ਡਿੱਗੀਆਂ।

ਬੀਬੀਸੀ ਦੀ ਰਿਪੋਰਟ ਦੇ ਅਨੁਸ-ਾਰ, ਦੱਖਣੀ ਕੋਰੀਆ ਨੇ ਕਿਹਾ ਕਿ ਉੱਤਰੀ ਕੋਰੀਆ ਨੇ ਬੁੱਧਵਾਰ ਨੂੰ ਘੱਟੋ-ਘੱਟ 10 ਮਿਜ਼ਾਈਲਾਂ ਦਾਗੀਆਂ। ਮੰਨਿ-ਨਆ ਜਾ ਰਿਹਾ ਹੈ ਕਿ ਉੱਤਰੀ ਕੋਰੀਆ ਇਸ ਹਫਤੇ ਅਮਰੀਕਾ ਅਤੇ ਅਮਰੀਕਾ



ਵਿਚਾਲੇ ਪ੍ਰੀਖਣ ਕਰੇਗਾ। ਕੋਰੀਆ ਵੱਲੋਂ ਕੀਤੇ ਜਾ ਰਹੇ ਸਾਂਝੇ ਫੌਜੀ ਅਭਿਆਸ ਦੇ ਜਵਾਬ ਵਿੱਚ।

ਬੁੱਧਵਾਰ ਸਵੇਰੇ 9 ਵਜੇ ਤੋਂ ਠੀਕ ਪਹਿਲਾਂ ਕੋਰੀਆ ਦੁਆਰਾ ਦਾਗੀ ਗਈ ਘੱਟੋ-ਘੱਟ ਇੱਕ ਮਿਜ਼ਾਈਲ ਸਰਹੱਦ ਦੇ ਲਗਭਗ 26 ਕਿਲੋਮੀਟਰ ਦੱਖਣ, ਸੋਕਚੋ ਤੋਂ 57 ਕਿਲੋਮੀਟਰ ਪੂਰਬ ਅਤੇ ਉਲੇਂਗ ਟਾਪੂ ਦੇ 167 ਕਿਲੋਮੀਟਰ ਉੱਤਰ ਪੱਛਮ ਵਿੱਚ ਡਿੱਗੀ। ਦੱਖਣੀ ਉੱਤਰੀ ਕੋਰੀਆ ਵੱਲੋਂ ਮਿਜ਼ਾਈਲਾਂ ਦਾਗੇ ਜਾਣ ਤੋਂ ਬਾਅਦ ਕੋਰੀਆ ਨੇ ਬੁੱਧਵਾਰ ਨੂੰ ਪੂਰਬੀ ਸਾਗਰ ਖੇਤਰ ਵਿੱਚ ਆਪਣੇ ਕੁਝ ਹਵਾਈ ਮਾਰਗ ਬੰਦ ਕਰ ਦਿੱਤੇ।

ਦੱਖਣੀ ਕੋਰੀਆ ਦੇ ਭੂਮੀ, ਬੁਨਿਆਦੀ ਢਾਂਚਾ ਅਤੇ ਆਵਾਜਾਈ ਮੰਤਰਾਲੇ ਨੇ ਕਿਹਾ ਕਿ ਪੂਰਬੀ ਸਾਗਰ ਵਿੱਚ ਕੁਝ ਹਵਾਈ ਮਾਰਗ 02 ਨਵੰਬਰ ਨੂੰ ਸਵੇਰੇ 10.58 ਵਜੇ ਤੋਂ 03 ਨਵੰਬਰ ਨੂੰ ਸਵੇਰੇ 11.05 ਵਜੇ ਤੱਕ ਬੰਦ ਰਹਿਣਗੇ।

# ਯੂਬਾ ਸਿਟੀ, ਕੈਲੀਫੋਰਨੀਆ 'ਚ ਗੁਰਤਾਗੱਦੀ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ 6 ਨਵੰਬਰ ਨੂੰ, ਧਾਰਮਿਕ ਕਾਰਜ ਸ਼ੁਰੂ




ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ) - ਹਰ ਵਰ੍ਹੇ ਗੁਰਤਾਗੱਦੀ ਨੂੰ ਸਮਰਪਤ ਯੂਬਾ ਸਿਟੀ ਵਿੱਚ ਹੋਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਸ਼ੁਰੂ ਹੋ ਚੁਕੀਆਂ ਹਨ ਇਸ ਦੌਰਾਨ ਧਾਰਮਿਕ ਕਾਰਜ ਸ਼ੁਰੂ ਹੋ ਚੁੱਕੇ ਹਨ ਤੇ ਹਰ ਰੋਜ ਕੀਰਤਨ ਦਰਬਾਰ ਹੁੰਦਾ ਹੈ ਤੇ ਇਨਾਂ ਧਾਰਮਿਕ ਕਾਰਜਾਂ ਨੂੰ ਨੇਪੜੇ ਚਾੜਨ ਲਈ ਸੰਗਤ ਭਾਰੀ ਉਤਸ਼ਾਹ ਨਾਲ ਵੱਖ ਵੱਖ ਤਰਾਂ ਦੀ ਸੇਵਾ ਕਰ ਰਹੀ ਹੈ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 6 ਨਵੰਬਰ ਐਤਵਾਰ ਨੂੰ ਨਿਕਲ ਰਹੇ ਨਗਰ ਕੀਰਤਨ ਵਿਚ ਅਮਰੀਕਾ ਦੀ ਸੰਗਤ ਤੋਂ ਇਲਾਵਾ ਵਿਸ਼ਵ ਭਰ ਤੋਂ ਇਨਾਂ ਧਾਰਮਿਕ ਦਿਵਾਨਾਂ ਤੇ ਨਗਰ ਕੀਰਤਨ ਵਿੱਚ ਸੰਗਤ ਹਾਜਰੀ ਭਰਦੀ ਹੈ । ਇਸ ਨਗਰ ਕਿਰਤਨ ਵਿੱਚ ਵੱਖ ਵੱਖ ਤਰਾਂ ਦੇ ਫਲੋਟ ਸਜਾਏ ਜਾਂਦੇ ਹਨ ਜੋ ਕਿ ਕਈ ਦਿਨਾਂ ਤੋਂ ਤਿਆਰੀ ਕੀਤੀ ਜਾ ਰਹੀ ਹੈ ਅਤਕੀਂ ਵੀ ਇਸ ਨਗਰ ਕੀਰਤਨ ਵਿਚ ਅਮਰੀਕਾ ਦੀਆਂ ਵੱਖ ਵੱਖ ਸਟੇਟਾਂ ਤੋਂ ਸੀਨੀਅਰ ਸਿੱਖ ਲੀਡਰਸ਼ਿਪ ਅਤੇ ਵੱਖ ਵੱਖ ਗੁਰੂ ਘਰਾਂ ਦੇ ਪ੍ਰਬੰਧਕ ਇਸ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਨਗਰ ਕੀਰਤਨ 6 ਨਵੰਬਰ ਨੂੰ ਪਹੁੰਚ ਰਹੇ ਹਨ। ਇਸ ਸ਼ੁਕਰਵਾਰ ਨੂੰ ਪਟਾਕੇ ਚਲਾਏ ਜਾਣਗੇ, ਸ੍ਰੀ ਨਿਸ਼ਾਨ ਸਾਹਿਬ ਦਾ ਚੋਲਾ ਬਦਲਿਆ ਜਾਵੇਗਾ, ਢਾਡੀ ਦਰਬਾਰ ਹੋਵੇਗਾ, ਰੈਣ ਸੁਬਾਈ ਕਰੀਤਨ ਸ਼ਨੀਵਾਰ ਨੂੰ ਹੋਵੇਗਾ, ਐਤਕਾਂ ਬੱਚਿਆਂ ਦਾ ਕੀਰਤਨ ਦਰਬਾਰ ਵੱਖਰਾ ਰੱਖਿਆ ਗਿਆ ਹੈ ਇਸ ਤੋਂ ਇਲਾਵਾ ਅਮ੍ਰਿਤ ਸੰਚਾਰ ਵੀ ਹੋਵੇਗਾ।

# ਅਮਰੀਕਾ ਦੇ ਕੈਰੀ ਕਸਬੇ ਵਿਚ ਸ਼ਾਨਦਾਰ ਮੰਦਰ ਦਾ ਸ਼ੁਭਆਰੰਭ

* ਭਾਰੀ ਤਾਦਾਦ ਵਿਚ ਸ਼ਰਧਾਲੂਆਂ ਨੇ ਟੇਕਿਆ ਮੱਥਾ



ਸੈਕਰਾਮੈਂਟੋ, 3 ਨਵੰਬਰ (ਹੁਸਨ ਲੜੋਆ ਬੰਗਾ) - ਉਤਰੀ ਕੈਰੋਲੀਨਾ ਵਿਚ ਕੈਰੀ ਕਸਬੇ (ਵੇਕ ਕਾਊਂਟੀ) ਵਿਖੇ ਦਿਵਾਲੀ ਦੇ ਮੌਕੇ 'ਤੇ ਭਾਰੀ ਤਾਦਾਦ ਵਿਚ ਮੌਜੂਦ ਹਿੰਦੂ ਸ਼ਰਧਾਲੂਆਂ ਦੀ ਮੌਜੂਦਗੀ ਵਿਚ ਸ਼ਾਨਦਾਰ ਮੰਦਿਰ ਦਾ ਸ਼ੁੱਭ ਆਰੰਭ ਹੋਇਆ। ਸ੍ਰੀ ਵੈਂਕਟੇਸਵਰਾ ਮੰਦਿਰ ਵਿਖੇ ਉਸਾਰੇ 87 ਫੁੱਟ ਉੱਚੇ ''ਟਾਵਰ ਆਫ ਯੁਨਿਟੀ ਐਂਡ ਪ੍ਰਾਸਪੈਰਿਟੀ'' ਵਿਚ ਨਵੇਂ ਮੰਦਿਰ ਦਾ ਉਦਘਾਟਨ ਉੱਤਰੀ ਕੈਰੋਲੀਨਾ ਦੇ ਗਵਰਨਰ ਰਾਇ ਕੂਪਰ ਨੇ ਕੀਤਾ। ਇਸ ਮੰਦਰ ਦੇ ਨਿਰਮਾਣ ਨੂੰ 13 ਸਾਲ ਲੱਗੇ ਹਨ। ਉੱਤਰੀ ਅਮਰੀਕਾ ਵਿਚ ਆਪਣੀ ਕਿਸਮ ਦੇ ਸਭ ਤੋਂ ਉੱਚੇ ਇਸ ਮੰਦਿਰ ਦੀ ਉਸਾਰੀ ਦਾ ਕੰਮ 2009 ਵਿਚ ਸ਼ੁਰੂ ਹੋਇਆ ਸੀ। ਇਸ ਮੌਕੇ ਕੂਪਰ ਨੇ ਮੰਦਿਰ ਦੇ ਸ਼ੁੱਭ ਆਰੰਭ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਮੁਸ਼ਕਿਲ ਸਮੇ ਵਿਚ ਆਪਣੀਆਂ ਚਿੰਤਾਵਾਂ ਤੇ ਫਿਕਰਾਂ ਨੂੰ ਪਰੇ ਰਖਕੇ ਪਵਿੱਤਰ ਮੰਦਿਰ ਵਿਚ ਮੱਥਾ ਟੇਕਣ ਨਾਲ ਇਕ ਨਵੀਂ ਊਰਜਾ ਪੈਦਾ ਹੁੰਦੀ ਹੈ। ਮੰਦਿਰ ਦੇ ਟਰੱਸਟੀਆਂ ਦੇ ਬੋਰਡ ਦੇ ਜਨਰਲ ਸੱਕਤਰ ਲਕਸ਼ਮੀ ਨਰਾਇਣਨ ਸ਼੍ਰੀ ਨਿਵਾਸਨ ਅਨੁਸਾਰ ਮੰਦਿਰ ਟਾਵਰ ਦੇ ਨਿਰਮਾਣ ਵਿਚ 5000 ਤੋਂ ਵਧ ਦਾਨੀਆਂ ਨੇ 25 ਲੱਖ ਡਾਲਰ ਦਾਨ ਕੀਤੇ। ਉਨਾਂ ਕਿਹਾ ਕਿ ਮੰਦਿਰ ਦਾ ਵਿਸਥਾਰ ਕੀਤਾ ਜਾਵੇਗਾ ਤੇ ਇਕ ਇਕਤਰਤਾ ਹਾਲ ਬਣਾਉਣ ਦੀ ਯੋਜਨਾ ਹੈ। ਇਸ ਤੋਂ ਇਲਾਵਾ ਫੁਹਾਰਿਆਂ ਦਾ ਨਿਰਮਾਣ ਵੀ ਕੀਤਾ ਜਾਵੇਗਾ।

# ਪਿਟਸਬਰਗ ਵਿਚ ਇਕ ਚਰਚ ਦੇ ਬਾਹਰ ਹੋਈ ਗੋਲੀਬਾਰੀ ਵਿਚ 6 ਲੋਕ ਜ਼ਖਮੀ



ਚਰਚ ਦਾ ਬਾਹਰੀ ਦ੍ਰਿਸ਼ ਜਿਥੇ ਗੋਲੀਬਾਰੀ ਦੀ ਘਟਨਾ ਵਾਪਰੀ

ਸੈਕਰਾਮੈਂਟੋ , 3 ਨਵੰਬਰ (ਹੁਸਨ ਲੜੋਆ ਬੰਗਾ)- ਪਿਟਸਬਰਘ ਵਿਚ ਇਕ ਚਰਚ ਦੇ ਬਾਹਰਵਾਰ ਹੋਈ ਗੋਲੀਬਾਰੀ ਵਿਚ ਘੱਟੋ ਘੱਟ 6 ਲੋਕ ਜ਼ਖਮੀ ਹੋ ਗਏ। ਪਿਟਸਬਰਗ ਦੇ ਪੁਲਿਸ ਕਮਾਂਡਰ ਰਿਚਰਡ ਫੋਰਡ ਅਨੁਸਾਰ ਜਿਸ ਸਮੇ ਗੋਲੀਬਾਰੀ ਹੋਈ ਚਰਚ ਵਿਚ ਇਕ ਮ੍ਰਿਤਕ ਦੀਆਂ ਅੰਤਿਮ ਰਸਮਾਂ ਚਲ ਰਹੀਆਂ ਸਨ। ਉਨਾਂ ਕਿਹਾ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ ਪਰੰਤੂ ਉਹ ਵੀ ਸਥਿੱਰ ਹਾਲਤ ਵਿਚ ਹੈ। ਬਾਕੀ ਜ਼ਖਮੀਆਂ ਦਾ ਵੀ ਹਸਪਤਾਲ ਵਿਚ ਇਲਾਜ਼ ਚੱਲ ਰਿਹਾ ਹੈ। ਉਨਾਂ ਕਿਹਾ ਕਿ ਇਹ ਘਟਨਾ ਸੋਚੀ ਸਮਝੀ ਯੋਜਨਾ ਦਾ ਹਿੱਸਾ ਲੱਗਦੀ ਹੈ ਕਿਉਂਕਿ ਜ਼ਖਮੀ ਹੋਏ ਕੁਝ ਲੋਕ ਅੰਤਿਮ ਰਸਮਾਂ ਵਿਚ ਸ਼ਾਮਿਲ ਸਨ।

# ਸਤਪਾਲ ਸਿੰਘ ਜੌਹਲ ਨੇ ਕੀਤਾ ਵੋਟਰਾਂ ਦੇ ਵਲੰਟੀਅਰਾਂ ਦਾ ਧੰਨਵਾਦ



ਬਰੈਂਪਟਨ, (ਹਰਜੀਤ ਸਿੰਘ ਬਾਜਵਾ) - ਬੀਤੀ 24 ਅਕਤੂਬਰ ਨੂੰ ਹੋਈ ਮਿਊਂਸਪਲ ਇਲੈਕਸ਼ਨ ਵਿੱਚ ਬਰੈਂਪਟਨ ਦੇ ਵਾਰਡ 9-10 ਤੋਂ ਪੀਲ ਡਿਸਟਰਿਕਟ ਸਕੂਲ ਬੋਰਡ ਟਰੱਸਟੀ ਚੁਣੇ ਗਏ ਸਤਪਾਲ ਸਿੰਘ ਜੌਹਲ ਵਲੋਂ ਵੋਟਰਾਂ ਦੇ ਵਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ ਹੈ। ਸ. ਜੌਹਲ ਨੇ ਕਿਹਾ ਕਿ ਵਲੰਟੀਅਰ ਟੀਮਾਂ ਦੀ ਅਣਥੱਕ ਮਿਹਨਤ ਅਤੇ ਲੋਕਾਂ ਤੋਂ ਮਿਲੇ ਆਪ-ਮੁਹਾਰੇ ਸਾਥ ਸਦਕਾ ਇਹ ਵੱਡੀ ਜਿੱਤ ਪ੍ਰਾਪਤ ਕੀਤੀ ਜਾ ਸਕੀ ਹੈ। ਉਨ੍ਹਾਂ ਨੇ ਮੀਡੀਆ ਦੇ ਇਕਜੁੱਟ ਸਾਥ, ਕਲੱਬਾਂ, ਸੰਸਥਾਵਾਂ ਅਤੇ ਸਮਾਜਿਕ ਆਗੂਆਂ ਤੋਂ ਮਿਲੀ ਹਿਮਾਇਤ ਦਾ ਜਿਕਰ ਕਰਦਿਆਂ ਕਿਹਾ ਕਿ ਇਸ ਇਲੈਕਸ਼ਨ ਵਿੱਚ ਸਤਪਾਲ ਸਿੰਘ ਜੌਹਲ ਦਾ ਨਾਮ ਬੱਚੇ-ਬੱਚੇ ਦੀ ਜੁਬਾਨ ਤੇ ਆਇਆ ਮਹਿਸੂਸ ਹੋ ਰਿਹਾ ਸੀ। ਸ. ਜੌਹਲ ਨੇ ਆਖਿਆ ਕਿ ਲੋਕਾਂ ਦੀ ਆਸਾਂ ਉਪਰ ਖਰੇ ਉਤਰਨ ਲਈ ਸਕੂਲ ਟਰੱਸਟੀ ਵਜੋਂ ਨਿੱਠ ਕੇ ਕੰਮ ਕੀਤਾ ਜਾਵੇਗਾ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਘਟਾ ਉਨ੍ਹਾਂ ਦਾ ਜੀਵਨ ਆਸਾਨ ਕਰਨ ਵਿੱਚ ਕਸਰ ਨਹੀਂ ਛੱਡੀ ਜਾਵੇਗੀ। ਕੈਨੇਡਾ ਵਿੱਚ ਸਤਪਾਲ ਸਿੰਘ ਜੌਹਲ ਦੀ ਜਿੱਤ ਦੀ ਖਬਰ ਨਾਲ਼ ਪੱਤਰਕਾਰੀ ਭਾਈਚਾਰੇ ਵਿੱਚ ਵੀ ਖੁਸ਼ੀ ਤੇ ਸੰਤੁਸ਼ਟੀ ਦੀ ਲਹਿਰ ਪਾਈ ਜਾ ਰਹੀ ਹੈ।

## ਬੈਂਕ ਦੇ ਗਾਹਕਾਂ ਨੂੰ ਗਲਤ ਅਨਸਰਾਂ ਵੱਲੋਂ ਗੁਮਰਾਹ ਹੋਣ ਤੋਂ ਬਚਾਉਣ ਲਈ ਕੀਤਾ ਜਾਵੇਗਾ ਜਾਗਰੂਕ -ਗੁਰਵਿੰਦਰ ਸਿੱਧੂ

ਫ਼ਰੀਦਕੋਟ, 3 ਨਵੰਬਰ (ਗਿਆਨ ਸਿੰਘ)- ਗਲਤ ਅਨਸਰਾਂ ਵੱਲੋਂ ਬੈਂਕ ਦੇ ਗਾਹਕਾਂ ਨੂੰ ਫੋਨ ਤੇ ਗੁੰਮਰਾਹ ਕਰਕੇ ਉਨ੍ਹਾਂ ਨਾਲ ਠੱਗੀ ਮਾਰੇ ਜਾਣ ਦੀਆਂ ਘਟਨਾਵਾਂ ਨੂੰ ਰੋਕਣ ਲਈ ਬੈਂਕ ਦੁਆਰਾ ਆਮ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਲਈ ਇੱਕ ਨਵੰਬਰ ਤੋਂ 30 ਨਵੰਬਰ ਤਕ ਵੱਖ ਵੱਖ ਥਾਵਾਂ ਤੇ ਬੈਂਕ ਦੇ ਗਾਹਕਾਂ ਨੂੰ ਠੱਗੀ ਦਾ ਸ਼ਿਕਾਰ ਹੋਣ ਤੋਂ ਬਚਣ ਲਈ ਜਾਣਕਾਰੀ ਦੇ ਕੇ ਜਾਗਰੂਕ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਪੰਜਾਬ ਐਂਡ ਸਿੰਧ ਬੈਂਕ ਦੇ ਲੀਡ ਬੈਂਕ ਮੈਨੇਜਰ ਗੁਰਵਿੰਦਰ ਸਿੰਘ ਸਿੱਧੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਦੁਆਰਾ ਉਨ੍ਹਾਂ ਨੂੰ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ ਕਿ ਬੈਂਕ ਦੇ ਗਾਹਕਾਂ ਨਾਲ ਵਧ ਰਹੀਆਂ ਠੱਗੀ ਦੀਆਂ ਵਾਰਦਾਤਾਂ ਨੂੰ ਰੋਕਣ ਲਈ ਬੈਂਕ ਦੇ ਗਾਹਕਾਂ ਨੂੰ ਜਾਗਰੂਕ ਕੀਤਾ ਜਾਵੇ, ਜਿਸ ਲਈ ਵੱਖ ਵੱਖ ਥਾਵਾਂ ਤੇ ਕੈਂਪਾਂ ਦਾ ਆਯੋਜਨ ਕੀਤਾ ਜਾਵੇ ਅਤੇ ਗਾਹਕਾਂ ਨੂੰ ਦੱਸਿਆ ਜਾਵੇ ਕਿ ਕਿਸ ਤਰ੍ਹਾਂ ਇਸ ਸ਼ਾਤਰ ਲੋਕ ਫ਼ੋਨ ਤੇ ਉਨ੍ਹਾਂ ਨੂੰ ਆਪਣੀ ਠੱਗੀ ਦਾ ਸ਼ਿਕਾਰ ਬਣਾਉਂਦੇ ਹਨ। ਇਨ੍ਹਾਂ ਸ਼ਾਤਰ ਲੋਕਾਂ ਦਾ ਸ਼ਿਕਾਰ ਬਣਨ ਤੋਂ ਬਚਣ ਲਈ ਕਿੰਨਾ ਕਿੰਨਾ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਹ ਲੋਕ ਭੋਲੇ ਭਾਲੇ ਲੋਕਾਂ ਨੂੰ ਫੋਨ ਕਰਕੇ ਗੁੰਮਰਾਹ ਕਰਦੇ ਹਨ ਅਤੇ ਫਿਰ ਉਨ੍ਹਾਂ ਦੇ ਖਾਤਿਆਂ ਵਿੱਚੋਂ ਵੱਡੀਆਂ ਵੱਡੀਆਂ ਰਕਮਾਂ ਚੋਰੀ ਕਰਦੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਲਗਾਏ ਜਾਣ ਵਾਲੇ ਕੈਂਪਾਂ ਵਿਚ ਗਾਹਕਾਂ ਨੂੰ ਮੁੱਢਲੀਆਂ ਸੇਵਾਵਾਂ ਅਤੇ ਸ਼ਿਕਾਇਤਾਂ ਸਬੰਧੀ ਵੀ ਜਾਣਕਾਰੀ ਦਿੱਤੀ ਜਾਵੇਗੀ।

# ਸਾਥੀ ਰਣਧੀਰ ਗਿਲ ਦਾ ਜਾਣਾ ਖੱਬੀ ਲਹਿਰ ਦੇ ਚਮਕਦਾ ਸਿਤਾਰੇ ਦਾ ਅੰਤ

(ਬਰੈਂਪਟਨ/ਬਾਸੀ ਹਰਚੰਦ) - ਬਹੁਤ ਦੁੱਖ ਨਾਲ ਸੂਚਿਤ ਕਰ ਰਹੇ ਹਾਂ ਕਿ ਲੋਕ ਹਿਤਾਂ ਦੇ ਸਾਥੀ ਆਗੂ ਕਾਮਰੇਡ ਰਣਧੀਰ ਗਿੱਲ ਸਾਡੇ ਵਿਚਕਾਰ ਨਹੀਂ ਰਹੇ। ਪਿਛਲੇ ਕੁੱਝ ਸਮੇਂ ਤੋਂ ਫੇਫੜਿਆਂ ਦੀ ਤਕਲੀਫ ਤੋਂ ਪੀੜਤ ਸਨ ਜਿਸ ਕਰਕੇ ਉਹ ਹਸਪਤਾਲ ਦਾਖਲ ਸਨ। ਇਲਾਜ ਚਲਦਿਆਂ ਉਹਨਾਂ ਨੂੰ ਹਾਰਟ ਅਟੈਕ ਆ ਗਿਆ ਜੋ ਜਾਨ ਲੇਵਾ ਹੋ ਗਿਆ। ਉਹ ਆਪਣੇ ਪਿੱਛੇ ਆਪਣੀ ਪਤਨੀ ਹਰਪਾਲ ਕੌਰ ,ਦੋ ਪੁੱਤਰ ਡਾਕਟਰ ਇੰਦਰਵੀਰ ਸਿੰਘ ਗਿਲ ਅਤੇ ਵਿੱਕੀ ਗਿਲ(ਕਨੇਡਾ) ਛੱਡ ਗਏ ਹਨ।

ਇਸ ਦੇ ਨਾਲ ਆਪਣੇ ਹਜ਼ਾਰਾਂ ਮੁਲਾਜ਼ਮ ਅਤੇ ਲੋਕ ਘੋਲਾਂ ਦੇ ਸਾਥੀਆਂ ਸਮੇਤ ਇੱਕ ਵੱਡਾ ਪਰੀਵਾਰ ਛੱਡ ਗਏ। ਕਮਿਉਨਿਸਟ ਪ੍ਰੀਵਾਰ ਵਿੱਚ ਪੈਦਾ ਹੋਏ ਮੋਗਾ ਵਿਖੇ ਕਾਲਜ ਦੇ ਸਮੇਂ ਤੋਂ ਸਟੂਡੈਂਟ ਫੈਡਰੇਸ਼ਨ ਆਫ ਇੰਡੀਆ ਵਿੱਚ ਸਰਗਰਮ ਹੋ ਗਏ। ਅਧਿਆਪਕ ਲੱਗਣ ਤੋਂ ਬਾਅਦ ਅਧਿਅਪਕ ਸਫਾਂ ਵਿੱਚ ਸਰਵ ਪਰਵਾਨਤ ਆਗੂ ਵਜੋਂ ਉਭਰੇ। ਇਹ ਉਹ ਸਮਾਂ ਸੀ ਜਦ ਸਕੂਲ ਪ੍ਰੋਵਿੰਸ਼ਲ ਕੇਡਰ ਵਿੱਚ ਸਨ, ਅਧਿਆਪਕਾਂ ਦੀਆ ਸੇਵਾ ਹਾਲਤਾਂ ਮਾੜੀਆਂ ਸਨ ਅਤੇ ਸੰਘਰਸ਼ ਰਾਹੀਂ ਵਿਦਿਆ ਨੂੰ ਸਟੇਟ ਕੇਡਰ ਦਾ ਦਰਜਾ ਦੁਆਇਆ ਅਤੇ ਅਧੀਆਪਕਾਂ ਦੇ ਸਿਰੋਂ ਬੇਣਕੀਨੀ ਦੀ ਹਾਲਤ ਦੂਰ ਕੀਤੀ। ਉਸ ਸਮੇਂ ਤੋਂ ਚੱਲ ਸੋ ਚੱਲ ਦਿਨ ਰਾਤ ਔਖਿਆਂ ਸਮਿਆਂ ਵਿੱਚ ਵੀ ਕਿਸੇ ਮੁਸੀਬਤ ਤੋਂ ਡਰ ਕੇ ਪਾਸਾ ਨਹੀਂ ਵੱਟਿਆ। ਸਾਂਝੀ ਅਧਿਆਪਕ ਯੂਨੀਅਨ ਦੇ ਚਾਰ ਵਾਰ ਸਟੇਟ ਪਰਧਾਨਗੀ ਮੰਡਲ ਦੇ ਮੈਂਬਰ ਰਹੇ। ਪੰਜਾਬ ਯੂਨੀਵਰਸਿਟੀ ਦੇ ਸੀਨੇਟ ਮੈਂਬਰ,ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸਟੇਟ ਦੇ ਜਨਰਲ ਸਕੱਤਰ,ਕਮਿਉਨਿਸਟ ਪਾਰਟੀ ਪੰਜਾਬ ਦੇ ਸਟੇਟ ਐਗਜੈਕਟਿਵ ਕਮੇਟੀ ਮੈਂਬਰ ਆਦਿ ਵਿੱਚ ਉਚ ਅਦਾਰਿਆਂ ਤੇ ਨਿਯੁਕਤ ਰਹੇ। ਇਸ ਦੁਖਦਾਈ ਸਮੇਂ ਪੰਜਾਬੀ ਸੱਭਿਆਚਾਰ ਮੰਚ ਬਰੈਂਪਟਨ ( ਟਰੋਂਟੋ) ਦੇ ਮੈਂਬਰ ਬਲਦੇਵ ਸਿੰਘ ਸਹਿਦੇਵ, ਹਰਚੰਦ ਸਿੰਘ ਬਾਸੀ, ਪੂਰਨ ਸਿੰਘ ਪਾਂਧੀ, ਸੁਖਦੇਵ ਧਾਲੀਵਾਲ, ਪ੍ਰੋਫੈਸਰ ਲਾਲ ਸਿੰਘ ਬਰਾਰ, ਸੁਰਿੰਦਰ ਗਿੱਲ, ਸਰੂਪ ਸਿੰਘ ਗਿਲ, ਲਾਲ ਸਿੰਘ ਚਾਹਲ ਆਦਿ ਪ੍ਰੀਵਾਰ ਅਤੇ ਸਾਥੀਆਂ ਦੇ ਵੱਡੇ ਕਾਫਲੇ ਨਾਲ ਦੁੱਖ ਵਿੱਚ ਸ਼ਾਮਲ ਹੁੰਦੇ ਹਨ।

ਮਿੱਤਰ ਸਨੇਹੀ ਹੇਠ ਲਿਖੇ ਫੋਨਾਂ ਤੇ ਸੰਪਰਕ ਕਰ ਸਕਦੇ ਹਨ:- ਬਲਦੇਵ ਸਿੰਘ ਸਹਿਦੇਵ ਪ੍ਰਧਾਨ 647-233-1527 ਕਾ:; ਸੁਖਦੇਵ ਸਿੰਘ ਧਾਲੀਵਾਲ ਸਕੱਤਰ 437-788-8035 , ਹਰਚੰਦ ਸਿੰਘ ਬਾਸੀ ਸੀਨੀਅਰ ਮੀਤ ਪਰਧਾਨ 437-255-5029 ਸੁਰਿੰਦਰ ਗਿਲ 905 -460-5544, ਪੂਰਨ ਸਿੰਘ ਪਾਂਧੀ 905 -789-6670
















# ਬਾਬਾ ਨੰਦ ਸਿੰਘ ਜੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ





ਬਰੈਂਪਟਨ, 3 ਨਵੰਬਰ (ਸੁਰਜੀਤ ਸਿੰਘ ਫਲੋਰਾ)- ਧੰਨ ਧੰਨ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਦਾ ਜਨਮ ਦਿਨ ਬਹੁਤ ਹੀ ਸ਼ਰਧਾਂ, ਪਿਆਰ ਅਤੇ ਸਤਿਕਾਰ ਨਾਲ ਬਰੈਂਪਟਨ ਦੇ ਗੁਰਦੁਆਰੇ ਨਾਨਕਸਰ ਟਿੰਮਬਰਲੇਨ ਤੇ ਸਥਿਤ ਵਿਖੇ ਮਨਾਇਆ ਗਿਆ। ਜੋ ਬਾਬਾ ਗੁਰ-ਦੇਵ ਸਿੰਘ ਜੀ ਭਾਈ ਕੀ ਸਮਾਧ ਦਾ ਸਥਾਨ ਹੈ।

29 ਅਗਸਤ ਨੂੰ ਸ਼ਾਮੀ ਰੱਖੇ ਹੋਏ ਪਾਠਾਂ ਦੇ ਭੋਗ ਉਪਰੰਤ ਆਰਤੀ , ਕਥਾਂ ਕੀਤਰਨ ਦੀ ਕਥਾਵਾਚਕਾਂ ਅਤੇ ਰਾਗੀਆਂ ਵਲੋਂ ਸੇਵਾ ਕੀਤੀ ਗਈ। ਭਾਈ ਸੇਵਾ ਸਿੰਘ ਹੋਰਾ ਬਾਬਾ ਨੰਦ ਸਿੰਘ ਜੀ ਦੀ ਜੀਵਨ ਵਾਰੇ ਵਚਨ ਕਰਦੇ ਹੋਏ ਕਿਹਾ ਕਿ ਨਾਨਕਸਰ ਦੇ ਉਹ ਮੋਢੀ ਸਨ , ਜਿਹਨਾਂ ਤੋਂ ਨਾਨਕਸਰ ਦੀ ਸ਼ੁਰੂਆਤ ਹੋਈ। ਬਾਬਾ ਜੀ ਦੁਨੀਆਂ ਨੂੰ ਤਾਰਨ ਆਏ ਸਨ, ਅੱਜ ਜੋ ਵੀ ਦੁਨੀਆਂ ਭਰ ਵਿਚ ਗੁਰੂਘਰ ਸਥਾਪਿਤ ਕੀਤੇ ਜਾਂਦੇ ਹਨ ਇਹਨਾਂ ਦੇ ਨਾਂ ਕਦੇ ਵੀ ਬਾਬਾ ਜੀ ਦੇ ਨਾਂ ਤੇ ਨਹੀਂ ਬੱਲਕੇ ਕੇ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਨਾਨਕਸਰ ਰੱਖਿਆਂ ਜਾਂਦਾ ਹੈ। ਭਾਈ ਸੇਵਾ ਸਿੰਘ ਹੋਰਾ ਅੱਗੇ ਬਚਨ ਕਰਦੇ ਹੋਏ ਕਿਹਾ ਕਿ ਬਾਬਾ ਜੀ ਨੇ ਗੁਰੂ ਸਾਹਿਬ ਲਈ ਇਸ ਤਰ੍ਹਾਂ ਦੀ ਮਰਿਯਾਦਾ ਚਲਾਈ ਕਿ ਜਿਥੇ ਕੋਈ ਵੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਿਆਦਬੀ ਨਾ ਕਰ ਸਕੇ।

ਉਹਨਾਂ ਨੇ ਅੱਗੇ ਬੋਲਦੇ ਹੋਰੇ ਇਹ ਵੀ ਬਚਨ ਕੀਤੇ ਕਿ ਮਹਾਂਪੁਰਖਾਂ ਦੇ ਬਚਨ ਤੇ ਨਾਨਕਸਰ ਦਾ ਵਿਸ਼ਵਾਸ਼ ਧੁਰ ਕੀ ਬਾਣੀ ਆਈ ਦਾ ਭਾਂਵ , ਜੋ ਧੁਰ ਹੈ ਉਹ ਸਾਹਿਬ ਸ੍ਰੀ ਗੁਰੂ ਨਾਨਕ ਨਿਰੰਕਾਰ ਹੀ ਹਨ , ਨਾ ਕੁਝ ਉਸ ਤੋਂ ਅੱਗੇ ਹੈ ਨਾ ਪਿੱਛੇਂ।

ਬਾਬਾ ਜੀ ਦੇ ਪਿਛੋਕੜ ਵੱਲ ਝਾਂਤ ਮਾਰੀਏ ਤਾਂ , ਬਾਬਾ ਨੰਦ ਸਿੰਘ ਜੀ ਦਾ ਅਤੇ ਨਾਨਕਸਰ ਗੁਰੂਘਰ ਦਾ ਇਤਿਹਾਸ ਕੋਈ ਅੱਜ ਤੋਂ 100 ਸਾਲ ਪਹਿਲਾਂ ਦਾ ਹੈ। ਗੁਰਦੁਆਰਾ ਸ੍ਰੀ ਨਾਨਕਸਰ ਕਲੇਰਾਂ ਜਗਰਾਉ ਤੋਂ ਫਿਰੋਜ਼ਪੁਰ ਨੂੰ ਜਾਂਦੀ ਸੜਕ ਉਪਰ ਪੈਂਦੇ ਕਬਸੇ ਜਗਰਾਉ ਤੋਂ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਨੂੰ ਸਿੱਖ ਜਗਤ ਦੇ ਮਹਾਨ ਅਤੇ ਪੂਰਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਛੂਹ ਪ੍ਰਾਪਤ ਹੈ। ਬਾਬਾ ਜੀ ਨਾਮ ਸਿਮਰਨ ਦੀ ਪ੍ਰਤਖ ਸਾਬਿਤ ਸੂਰਤ ਮੂਰਤ ਸਨ। ਆਪ ਜੀ ਨੇ ਲੱਖਾ ਹੀ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ । ਸਨ 1943 ਵਿਚ ਬਾਬਾ ਜੀ ਦੇ ਚੋਲਾ ਬਦਲਣ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ 1963 ਇਸ ਸਥਾਨ ਦੀਆਂ ਰੂਹਾਨੀ ਪ੍ਰਮਪ੍ਰਾਵਾਂ ਨੂੰ ਅੱਗੇ ਤੋਰਿਆਂ।

ਅੱਜ ਉਹਨਾਂ ਤੋਂ ਹੀ ਵਰਸਾਏ ਹੋਏ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਬਰੈਂਪਟਨ ਨਾਨਕਸਰ ਗੁਰੂਘਰ ਵਿਖੇ ਬਾਬਾ ਜੀ ਦੇ ਜਨਮ ਦਿਨ ਤੇ ਇਕੱਠੇ ਹੋ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਵਚਨਾਂ ਨੂੰ ਤਾਜ਼ਾ ਕੀਤਾ। ਉਹਨਾਂ ਦੇ ਵਚਨਾਂ ਤੇ ਚੱਲਣ ਤੇ ਧੁਰ ਕੀ ਬਾਣੀ ਨਾਲ ਜੁੜਨ ਦਾ ਪ੍ਰਣ ਕੀਤਾ। ਆਖਿਰ ਗੁਰੂ ਘਰ ਦੇ ਪ੍ਰਬੰਦਕਾਂ ਵਲੋਂ ਸਭ ਆਈ ਸਰਬੱਤ ਸੰਗਤ ਦਾ ਧੰਨਵਾਦ ਕੀਤਾ ਗਿਆ।

## ਬਰੈਂਪਟਨ, ਮਿਸੀਸਾਗਾ, ਸਕਾਰਬਰੋ, ਕੈਂਬਰਿਜ ਵਿਚ ਲਾਈਫ਼-ਸਰਟੀਫ਼ੀਕੇਟ ਬਨਾਉਣ ਲਈ ਕੈਂਪ 5 ਨਵੰਬਰ ਤੋਂ

ਬਰੈਂਪਟਨ, (ਡਾ. ਝੰਡ) -ਨਵੰਬਰ ਮਹੀਨਾ ਚੜ੍ਹ ਪਿਆ ਹੈ ਅਤੇ ਇਸ ਮਹੀਨੇ ਹਰ ਸਾਲ ਭਾਰਤ ਵਿਚ ਪੈੱਨਸ਼ਨ ਲੈਣ ਵਾਲਿਆਂ ਦੇ ਲਾਈਫ਼-ਸਰਟੀਫ਼ੀਕੇਟ ਬਣਦੇ ਹਨ ਜੋ ਉਨ੍ਹਾਂ ਵੱਲੋਂ ਜਿਊਂਦੇ-ਜਾਗਦੇ ਹੋਣ ਦੇ ਸਬੂਤ ਵਜੋਂ ਭਾਰਤ ਆਪਣੇ ਬੈਂਕਾਂ ਜਾਂ ਸਬੰਧਿਤ ਅਦਾਰਿਆਂ ਨੂੰ ਭੇਜੇ ਜਾਂਦੇ ਹਨ। ਅਜਿਹੇ ਕੈਂਪ ਭਾਰਤੀ ਕੌਂਸਲੇਟ ਜਨਰਲ ਟੋਰਾਂਟੋ ਦੇ ਦਫ਼ਤਰ ਵੱਲੋਂ ਇਸ ਸਾਲ 5 ਨਵੰਬਰ ਤੋਂ 27 ਨਵੰਬਰ ਤੱਕ ਬਰੈਂਪਟਨ, ਮਿਸੀਸਾਗਾ, ਸਕਾਰਬਰੋ ਅਤੇ ਕੈਂਬਰਿਜ ਸ਼ਹਿਰਾਂ ਵਿਚ ਸ਼ਨੀਵਾਰ ਤੇ ਐਤਵਾਰ ਦੇ ਦਿਨਾਂ ਵਿਚ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ ਦੋ ਵਜੇ ਜਾਂ ਢਾਈ ਵਜੇ ਤੀਕ ਲਗਾਏ ਜਾ ਰਹੇ ਹਨ।

ਇਨ੍ਹਾਂ ਵਿੱਚੋਂ ਪੰਜ ਕੈਂਪ ਬਰੈਂਪਟਨ ਵਿੱਚ ਲਗਾਏ ਜਾਣਗੇ ਜਿਨ੍ਹਾਂ ਵਿੱਚ 5 ਅਤੇ 19 ਨਵੰਬਰ ਨੂੰ ਦੋ ਕੈਂਪ ਨਾਨਕਸਰ ਗੁਰਦੁ-ਆਰਾ ਸਾਹਿਬ (64 ਟਿੰਬਰਲੇਨ) ਵਿਖੇ ਅਤੇ ਇੱਕ 6 ਨਵੰਬਰ ਨੂੰ ਹਿੰਦੂ ਸਭਾ ਮੰਦਰ (ਗੋਰ ਰੋਡ) ਵਿਖੇ ਸਵੇਰੇ 10.00 ਵਜੇ ਤੋਂ ਬਾਅਦ ਦੁਪਹਿਰ 2.30 ਵਜੇ ਤੱਕ ਲੱਗਣਗੇ। ਇੱਕ ਕੈਂਪ ਬਰੈਂਪਟਨ ਦੇ ਸੂਸਨ ਫ਼ੈਨਲ ਸਪੋਰਟਸ ਸੈਂਟਰ (500 ਰੇਅਲਾ-ਸਨ ਬੁਲੇਵਾਰਡ) ਵਿਖੇ 12 ਨਵੰਬਰ ਨੂੰ ਅਤੇ ਇੱਕ ਹੋਰ 13 ਨਵੰਬਰ ਨੂੰ ਸਿੱਖ ਹੈਰੀਟੇਜ ਸੈਂਟਰ ਗੁਰਦੁਆਰਾ ਸਾਹਿਬ (ਏਅਰਪੋਰਟ ਰੋਡ ਤੇ ਮੇਅਫ਼ੀਲਡ ਰੋਡ) ਵਿਖੇ ਸਵੇਰੇ 10.30 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਲਗਾਇਆ ਜਾ ਰਿਹਾ ਹੈ।

ਦੋ ਕੈਂਪ ਮਿਸੀਸਾਗਾ ਵਿਚ 20 ਅਤੇ 27 ਨਵੰਬਰ ਨੂੰ ਸਵੇਰੇ 10.00 ਵਜੇ ਤੋਂ 2.30 ਵਜੇ ਤੱਕ ਹਿੰਦੂ ਹੈਰੀਟੇਜ ਸੈਂਟਰ, ਮਿਸੀਸਾਗਾ ਰੋਡ ਵਿਖੇ ਲਗਾਏ ਜਾਣਗੇ ਅਤੇ ਇਕ ਲਕਸ਼ਮੀ ਨਰਾਇਣ ਮੰਦਰ ਸਕਾਰਬਰੋ ਵਿਖੇ 26 ਨਵੰਬਰ ਨੂੰ ਲਗਾਇਆ ਜਾਏਗਾ। ਅਜਿਹਾ ਹੀ ਇੱਕ ਹੋਰ ਕੈਂਪ 13 ਨਵੰਬਰ ਨੂੰ ਕੈਂਬਰਿਜ ਦੇ ਗੁਰਦੁਆਰਾ ਸਿੰਘ ਸਭਾ ਵਿਚ ਵੀ ਬਾਅਦ ਦੁਪਹਿਰ 2.00 ਵਜੇ ਤੋਂ 4.30 ਵਜੇ ਤੀਕ ਲਗਾਇਆ ਜਾ ਰਿਹਾ ਹੈ। ਇਹ ਲਾਈਫ਼-ਸਰਟੀਫ਼ੀਕੇਟ ਪ੍ਰਾਪਤ ਕਰਨ ਦੇ ਚਾਹਵਾਨ ਵਿਅੱਕਤੀ ਉਪਰੋਕਤ ਵਰਨਣ ਸਥਾਂਨਾਂ 'ਤੇ ਸਮੇਂ ਸਿਰ ਪਹੁੰਚ ਕੇ ਭਾਰਤੀ ਕੌਂਸਲੇਟ ਜਨਰਲ ਦੇ ਦਫ਼ਤਰ ਵੱਲੋਂ ਦਿੱਤੀ ਜਾ ਰਹੀ ਇਸ ਮੁਫ਼ਤ ਸੁਵਿਧਾ ਦਾ ਲਾਭ ਉਠਾ ਸਕਦੇ ਹਨ। ਲਾਈਫ਼-ਸਰਟੀਫ਼ੀਕੇਟ ਫ਼ਾਰਮ ਕੌਂਸਲੇਟ ਜਨਰਲ ਆਫ਼ਿਸ ਦੀ ਵੈੱਬਸਾਈਟ ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ। ਉਜ, ਇਹ ਛਪੇ ਹੋਏ ਫ਼ਾਰਮ ਉਪਰੋਕਤ ਵਰਨਣ ਸਥਾਨਾਂ 'ਤੇ ਵੀ ਵਾਲੰਟੀਅਰਾਂ ਵੱਲੋਂ ਵੀ ਮੁਫ਼ਤ ਉਪਲੱਬਧ ਕਰਵਾਏ ਜਾਂਦੇ ਹਨ।

# ਅਮਰੀਕਾ ਦੇ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ







ਸਿਨਸਿਨਾਟੀ, ਓਹਾਇਓ, 3 ਨਵੰਬਰ (ਪੋਸਟ ਬਿਊਰੋ): ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਦੇ ਗੁਰਦੂਆਰਾ ਸਾਹਿਬ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਵਿਖੇ ਸਿੱਖ ਇਤਿਹਾਸ ਦੀ ਮਹਾਨ ਸ਼ਖਸੀਅਤ ਬ੍ਰਹਮ ਗਿਆਨੀ ਧੰਨ ਧੰਨ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਾਬਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਅਖੰਡ ਪਾਠ ਤੋਂ ਇਲਾਵਾ ਚਾਰ ਦਿਨ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ।

ਇਸ ਵਿੱਚ ਵਿਸ਼ੇਸ਼ ਤੋਰ ਤੇ ਪਹੁੰਚੇ ਸਿੱਖ ਪੱਥ ਦੇ ਮਹਾਨ ਕੀਰਤਨੀਏ ਭਾਈ ਹਰਚਰਨ ਸਿੰਘ ਜੀ ਖਾਲਸਾ, ਹਜੂਰੀ ਰਾਗੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਭਾਈ ਬੂਟਾ ਸਿੰਘ ਅਤੇ ਭਾਈ ਮਨਜੀਤ ਸਿੰਘ ਜੀ ਦੇ ਜੱਥੇ ਨੇ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੂਆਰਾ ਸਾਹਿਬ ਦੇ ਕੀਰਤਨੀ ਜੱਥੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ, ਭਾਈ ਜੀਤ ਸਿੰਘ ਅਤੇ ਭਾਈ ਨਿਰਮਲ ਸਿੰਘ ਜੀ ਦੇ ਰਾਗੀ ਜੱਥੇ ਨੇ ਵੀ ਸ਼ਬਦ ਕੀਰਤਨ ਗਾਇਨ ਕੀਤਾ। ਭਾਈ ਅਮਰੀਕ ਸਿੰਘ ਜੀ ਨੇ ਬਾਬਾ ਜੀ ਦੇ ਜੀਵਨ ਤੇ ਇਤਿਹਾਸ ਬਾਰੇ ਆਈ ਸੰਗਤ ਨੂੰ ਜਾਣਕਾਰੀ ਦਿੱਤੀ।

ਬਾਬਾ ਬੁੱਢਾ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਸਨ। ਬਾਬਾ ਜੀ ਨੂੰ 5 ਗੁਰੂਆਂ ਨੂੰ ਗੁਰਿਆਈ ਤਿਲਕ ਲਗਾਉਣ ਅਤੇ ਛੇ ਗੁਰੂ ਸਾਹਿਬਾਨ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੈ। ਭਾਈ ਹਰਚਰਨ ਸਿੰਘ ਜੀ ਦੇ ਜੱਥੇ ਨੂੰ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਨੇ ਸਿਰੋਪਾਓ ਨਾਲ ਸਨਮਾਨਿਤ ਕੀਤਾ।

ਇਹਨਾਂ ਵਿਸ਼ੇਸ਼ ਸਮਾਗਮਾਂ ਵਿੱਚ ਸਿਨਸਿਨਾਟੀ ਦੇ ਲਾਗਲੇ ਸ਼ਹਿਰਾਂ ਡੇਟਨ, ਕੋਲੰਬਸ ਤੋਂ ਇਲਾਵਾ ਨਾਲ ਲੱਗਦੇ ਸੂਬੇ ਕੈਨਟੱਕੀ, ਇੰਡੀਆਣਾ ਤੋਂ ਵੀ ਵੱਡੀ ਗਿਣਤੀ ਵਿੱਚ ਸੰਗਤਾਂ ਸ਼ਾਮਲ ਹੋਈਆਂ। ਗੁਰਦੁਆਰਾ ਸਾਹਿਬ ਵਿਖੇ ਫੁੱਲਾਂ ਦੀ ਸਜਾਵਟ ਵੀ ਕੀਤੀ ਗਈ। ਇਸ ਦੋਰਾਨ ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਪ੍ਰਬੰਧਕ ਕਮੇਟੀ ਵੱਲੋਂ ਇਹਨਾਂ ਵਿਸ਼ੇਸ਼ ਸਮਾਗਮਾਂ ਲਈ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ।

# ਤੇਜ਼ ਰਫਤਾਰ ਐਸਯੂਵੀ ਪਿੱਕਅੱਪ ਟਰੱਕ ਨਾਲ ਟਕਰਾਈ, ਦੋ ਜ਼ਖ਼ਮੀ



ਟੋਰਾਂਟੋ, 31 ਅਕਤੂਬਰ (ਪੋਸਟ ਬਿਊਰੋ) : ਮਿੱਡਟਾਊਨ ਟੋਰਾਂਟੋ ਵਿੱਚ ਇੱਕ ਤੇਜ਼ ਰਫਤਾਰ ਐਸਯੂਵੀ ਦੇ ਇੱਕ ਹੋਰ ਗੱਡੀ ਦੇ ਪਿੱਛਿਓਂ ਟਕਰਾ ਜਾਣ ਕਾਰਨ ਇੱਕ ਡਰਾਈਵਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਹਾਦਸਾ ਸੋਮਵਾਰ ਨੂੰ ਰਾਤੀਂ 12:45 ਦੇ ਨੇੜੇ ਤੇੜੇ ਲਾਅਰੈਂਸ ਐਵਨਿਊ ਦੇ ਦੱਖਣ ਵੱਲ ਗਲੈਨਗ੍ਰੋਵ ਐਵਨਿਊ ਨੇੜੇ ਯੰਗ ਸਟਰੀਟ ਉੱਤੇ ਵਾਪਰਿਆ। ਪੁਲਿਸ ਨੇ ਦੱਸਿਆ ਕਿ ਐਸਯੂਵੀ ਯੰਗ ਸਟਰੀਟ ਉੱਤੇ ਦੱਖਣ ਵੱਲ ਬੜੀ ਤੇਜ਼ ਰਫਤਾਰ ਨਾਲ ਜਾ ਰਹੀ ਸੀ ਤੇ ਇੱਕ ਪਿੱਕਅੱਪ ਟਰੱਕ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ। ਐਸਯੂਵੀ ਦੇ ਡਰਾਈਵਰ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਇੱਕ ਹੋਰ ਵਿਅਕਤੀ ਨੂੰ ਵੀ ਗੰਭੀਰ ਪਰ ਸਥਿਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਵੱਲੋਂ ਇਹ ਪੁਸ਼ਟੀ ਕੀਤੀ ਗਈ ਹੈ ਕਿ ਤੇਜ਼ ਰਫਤਾਰ ਹੀ ਇਸ ਹਾਦਸੇ ਦਾ ਕਾਰਨ ਹੈ ਤੇ ਉਨ੍ਹਾਂ ਆਖਿਆ ਕਿ ਉਹ ਇਸ ਗੱਲ ਦਾ ਵੀ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਸ਼ਰਾਬ ਪੀ ਕੇ ਗੱਡੀ ਚਲਾਉਣਾ ਇਸ ਹਾਦਸੇ ਦਾ ਕਾਰਨ ਹੋ ਸਕਦਾ ਹੈ ਜਾਂ ਨਹੀਂ। ਜਾਂਚ ਲਈ ਯੰਗ ਸਟਰੀਟ ਨੂੰ ਗਲੈਨਗ੍ਰੋਵ ਉੱਤੇ ਦੋਵਾਂ ਦਿਸ਼ਾਵਾਂ ਤੋਂ ਬੰਦ ਕਰ ਦਿੱਤਾ ਗਿਆ ਹੈ।

# ਦੱਖਣੀ ਕੋਰੀਆ ਵਿਚ ਹੇਲੋਵੀਨ ਸਮਾਗਮ ਦੌਰਾਨ ਭਗਦੜ, 59 ਦੀ ਮੌਤ, 150 ਜ਼ਖ਼ਮੀ



ਨਵੀਂ ਦਿੱਲੀ, 3 ਨਵੰਬਰ (ਪੋਸਟ ਬਿਊਰੋ)- ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ ਦੇ ਇਕ ਬਾਜ਼ਾਰ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਕਈ ਪੁਲਸ ਵਾਲੇ ਕਰੀਬ 50 ਲੋਕਾਂ ਨੂੰ ਚੁੱਕਣ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ ਜੋ ਦਿਲ ਦਾ ਦੌਰਾ ਪੈਣ ਕਾਰਨ ਸੜਕ 'ਤੇ ਡਿੱਗ ਗਏ ਹਨ। ਪ੍ਰਾਪਤ ਜਾਣਕਾਰੀ ਅਨੁਸ-ਾਰ ਇਸ ਘਟਨਾ ਵਿੱਚ ਹੁਣ ਤੱਕ 59 ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ, ਜਦੋਂ ਕਿ 150 ਲੋਕ ਗੰਭੀਰ ਜ਼ਖ਼ਮੀ ਹੋ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਸਿਓਲ ਦੇ ਬਾਜ਼ਾਰ 'ਚ ਹੈਲੋਵੀਨ ਸਮਾਗਮ ਦੌਰਾਨ ਮਚੀ ਭਗਦੜ ਤੋਂ ਬਾਅਦ ਉੱਥੇ ਮੌਜੂਦ ਲੋਕਾਂ ਨੂੰ ਦਿਲ ਦਾ ਦੌਰਾ ਪੈ ਗਿਆ। ਫਿਲਹਾਲ ਪੁਲਿਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ। ਜਾਣਕਾਰੀ ਮੁਤਾਬਿਕ ਲਗਭਗ 1 ਲੱਖ ਲੋਕਾਂ ਨੇ ਸਮਾਗਮ ਵਿੱਚ ਸ਼ਿਰਕਤ ਕੀਤੀ। ਇਹ ਸਾਰੇ ਲੋਕ ਸ਼ਨੀਵਾਰ ਰਾਤ ਨੂੰ ਹੈਲੋਵੀਨ ਮਨਾਉਣ ਲਈ ਮੇਗਾਸਿਟੀ ਦੇ ਕੇਂਦਰੀ ਜ਼ਿਲ੍ਹੇ ਇਟ-ਾਵਾਨ ਵਿੱਚ ਇਕੱਠੇ ਹੋਏ ਸਨ। ਉਸੇ ਸਮੇਂ ਸਥਾਨਕ ਸਮੇਂ ਅਨੁਸਾਰ ਅੱਧੀ ਰਾਤ ਤੋਂ ਪਹਿਲਾਂ ਇੱਕ ਹੋਟਲ ਦੇ ਨੇੜੇ ਦਰਜਨਾਂ ਲੋਕ ਬੇਹੋਸ਼ ਹੋ ਗਏ। ਇਸ ਤੋਂ ਬਾਅਦ ਪੁਲਿਸ ਨੂੰ ਇਸ ਦੀ ਸੂਚਨਾ ਦਿੱਤੀ ਗਈ। ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਤ 11.30 ਵਜੇ ਤੱਕ ਅਜਿਹੀਆਂ 81 ਸ਼ਿਕਾਇਤਾਂ ਮਿਲੀਆਂ ਸਨ, ਜਿਨ੍ਹਾਂ ਵਿੱਚ ਲੋਕਾਂ ਨੂੰ ਸਾਹ ਲੈਣ ਵਿੱਚ ਤਕਲੀਫ਼ ਹੋਣ ਦੀ ਗੱਲ ਆਖੀ ਜਾ ਰਹੀ ਸੀ।

ਦ ਕੋਰੀਆ ਹੇਰਾਲਡ ਦੇ ਇੱਕ ਰਿਪੋਰਟਰ, ਹਿਉਨਸੂ ਯੀਮ ਨੇ ਟਵੀਟ ਕੀਤਾ: "ਹੇਲੋਵੀਨ ਦੀ ਰਾਤ ਦੇ ਰੂਪ ਵਿੱਚ ਇਟੈਵੋਨ ਵਿੱਚ ਹਫੜਾ-ਦਫੜੀ ਦਾ ਪੂਰਾ ਦ੍ਰਿਸ਼ ਹੁਣੇ ਹੀ ਇੱਕ ਵੱਡੇ ਸੁਰੱਖਿਆ ਖ਼ਤਰੇ ਵਿੱਚ ਬਦਲ ਗਿਆ ਹੈ, ਜਿਸ ਵਿੱਚ ਘੱਟੋ-ਘੱਟ ਕਈ ਪਾਰਟੀ ਜਾਣ ਵਾਲਿਆਂ ਨੂੰ ਐਂਬੂਲੈਂਸਾਂ ਵਿੱਚ ਲਿਜਾਇਆ ਗਿਆ ਹੈ। ਉਸਨੇ ਵੀ ਸਾਂਝਾ ਕੀਤਾ ਹੈ।

TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

ਸਾਨੂੰ ਕਾਲ ਕਰੋ ਤੇ
ਆਪਣਾ ਟੈਕਸ ਬਚਾਓ

Harcharan S. Grover
Chartered Accountant



Call for Professional Advice
905.247.0193
info@grovercpa.ca

GroVerCPA
Professional Corporation

214-7895 Tranmere Drive, Mississauga ON L5S 1V9

# ਭੋਜਨ ਉਦਯੋਗ ਵਿਚ ਕੰਮ ਕਰਨ ਲਈ ਕੁਈਨਸਵੁੱਡ ਕਾਲਜ ਦੇ ਕੋਰਸ ਲਾਹੇਵੰਦ

ਕਨੇਡਾ ਵਿੱਚ ਖੁਸ਼ ਰਹਿਣ ਅਤੇ ਬਿਹਤਰ ਭਵਿੱਖ ਬਣਾਉਣ ਲਈ ਤੁਸੀਂ ਕੁਈਨਸਵੁੱਡ ਕਾਲਜ ਦੁਆਰਾ ਪੇਸ਼ ਕੀਤੇ ਡਿਪਲੋਮਾ ਕੋਰਸਾਂ ਵਿੱਚ ਸ਼ਾਮਲ ਹੋ ਸਕਦੇ ਹੋ (ਜੇਕਰ ਤੁਸੀਂ ਵਿਜ਼ਟਿਰ ਹੋ, ਕੈਨੇਡਾ ਲਈ ਨਵੇਂ ਹੋ, ਕੰਮ ਤੋਂ ਮੁਅੱਤਲ ਹੋ, ਲੇਬਰ ਮਾਰਕੀਟ ਨੂੰ ਛੱਡਣਾ ਚਾਹੁੰਦੇ ਹੋ ਫਿਰ ਕੁਈਨਸਵੁੱਡ ਕਾਲਜ ਤੁਹਾਡੇ ਹੁਨਰ ਨੂੰ ਅਪਗ੍ਰੇਡ ਕਰਨ ਲਈ ਸਹੀ ਜਗ੍ਹਾ ਹੈ)। ਕੁਈਨਸਵੁੱਡ ਕਾਲਜ ਫੂਡ ਸਰਵਿਸ ਵਰਕਰ ਦਾ 14 ਨਵੰਬਰ ਨੂੰ ਨਵਾਂ ਬੈਚ ਸ਼ੁਰੂ ਕਰਨ ਜਾ ਰਿਹਾ ਹੈ। ਫੂਡ ਸਰਵਿਸ ਵਰਕਰ (FSW) ਪ੍ਰੋਗਰਾਮ ਉਹਨਾਂ ਲੋਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਭੋਜਨ ਉਦਯੋਗ ਜਾਂ ਸਿਹਤ ਸੰਭਾਲ ਰਸੋਈਆਂ ਵਿੱਚ ਕੰਮ ਕਰਨਾ ਚਾਹੁੰਦੇ ਹਨ। ਵਿਦਿਆਰਥੀਆਂ ਨੂੰ ਭੋਜਨ ਸੰਭਾਲ, ਪੋਸ਼ਣ, ਸੈਨੀਟੇਸ਼ਨ ਅਤੇ ਸੁਰੱਖਿਆ, ਮਾਤਰਾ ਵਿੱਚ ਭੋਜਨ ਤਿਆਰ ਕਰਨ ਵਿੱਚ ਸਿਖਲਾਈ ਦਿੱਤੀ ਜਾਵੇਗੀ। ਕਾਲਜ 120 ਘੰਟਿਆਂ ਲਈ ਹੈਲਥ ਕੇਅਰ ਸੈਟਿੰਗ ਵਿੱਚ ਪ੍ਰੈਕਟਿਕਮ ਪਲੇਸਮੈਂਟ ਦਾ ਪ੍ਰਬੰਧ ਕਰੇਗਾ, ਜੋ ਕਿ ਸਰਕਾਰੀ ਮਾਪਦੰਡਾਂ ਅਤੇ ਰੋਜ਼ਗਾਰ ਲੋੜਾਂ ਨੂੰ ਪੂਰਾ ਕਰਨ ਵਾਲਾ ਵਿਹਾਰਕ ਅਨੁਭਵ ਪ੍ਰਦਾਨ ਕਰੇਗਾ।

ਪ੍ਰੋਗਰਾਮ ਗ੍ਰੈਜੂਏਟ ਹਸਪਤਾਲਾਂ ਵਿੱਚ ਧਇਟਅਰੇ ਓਦਿਇ ਜੋਬਸ, ਹਸਪਤਾਲ ਟ੍ਰੇ ਕੈਰੀਅਰ, ਨਰਸਿੰਗ ਹੋਮਜ਼, ਲੌਂਗ ਟਰਮ ਕੇਅਰ, ਰਿਟਾਇਰਮੈਂਟ ਹੋਮ ਅਤੇ ਏਅਰਲਾਈਨ ਕਿਚਨ ਵਿੱਚ ਨੌਕਰੀਆਂ ਲਈ ਅਰਜ਼ੀ (Application) ਦੇ ਸਕਦੇ ਹਨ। ਉਹ ਇਸ ਬੈਚ ਲਈ ਟਿਊਸ਼ਨ ਫੀਸ 'ਤੇ ਵਿਸ਼ੇਸ਼ ਛੋਟ (Special Discount) ਦੇ ਰਹੇ ਹਨ। ਛੋਟੇ ਕੋਰਸਾਂ ਲਈ ਇਹ ਅਕਾਊਂਟਿੰਗ, ਬੇਸਿਕ ਤੋਂ ਐਡਵਾਂਸਡ ਕੰਪਿਊਟਰ ਕੋਰਸ, ਬੁੱਕ ਕੀਪਿੰਗ, ਕਵਿੱਕਬੁੱਕ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਡਾਟਾ ਐਂਟਰੀ, ਆਈਲੈਟਸ ਅਤੇ ਸਲਪੀਪ ਦੀ ਪੇਸ਼ਕਸ਼ ਕਰਦਾ ਹੈ। ਛੋਟੇ ਕੋਰਸ ਵੀ ਨੌਕਰੀਆਂ ਪ੍ਰਾਪਤ ਕਰਨ ਲਈ ਲਾਭਦਾਇਕ ਹਨ। ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ। ਸਾਡੀ Website: www.queenswoodcol-lege.com ਅਤੇ Address: 2023 William, Pkwy, Unit 3, Brampton, ON, L6S 5N1 ਹੈ।

# ਅਮਰੀਕਾ ਦੇ ਡੇਟਨ ਗੁਰਦੁਆਰਾ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ, ਬਾਬਾ ਗੁਰਦਿੱਤਾ ਜੀ ਦੀ ਜੀਵਨੀ ਬਾਰੇ ਨਵ-ਪ੍ਰਕਾਸ਼ਿਤ ਪੁਸਤਕ ਵੀ ਕੀਤੀ ਰਿਲੀਜ਼





ਡੇਟਨ 3 ਨਵੰਬਰ (ਪੋਸਟ ਬਿਊਰੋ)- :ਅਮਰੀਕਾ ਦੇ ਓਹਾਇਹੋ ਸੂਬੇ ਦੇ ਪ੍ਰਸਿੱਧ ਸ਼ਹਿਰ ਡੇਟਨ ਦੇ ਸਿੱਖ ਸੁਸਾਇਟੀ ਆਫ਼ ਡੇਟਨ ਦੇ ਗੁਰਦੁਆਰਾ ਸਾਹਿਬ ਵਿਖੇ ਬਾਬਾ ਗੁਰਦਿੱਤਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਗੁਰਦੁ-ਆਰੇ ਦੇ ਮੁਖ ਗ੍ਰੰਥੀ ਭਾਈ ਹੇਮ ਸਿੰਘ ਦੇ ਜੱਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਇੰਡੀਅਨ ਐਪਲਿਸ ਤੋਂ ਆਏ ਭਾਈ ਮਨਜੀਤ ਸਿੰਘ ਨੇ ਰਾਗਾਂ ਵਿੱਚ ਕੀਰਤਨ ਕੀਤਾ ਤੇ ਬਾਬਾ ਗੁਰਦਿੱਤਾ ਜੀ ਦੇ ਜੀਵਨ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਭਾਈ ਜਸਵਿੰਦਰ ਸਿੰਘ, ਭਾਈ ਬਲਵਿੰਦਰ ਸਿੰਘ ਤੇ ਭਾਈ ਲਖਵਿੰਦਰ ਸਿੰਘ ਦੇ ਢਾਡੀ ਜੱਥੇ ਨੇ ਬਾਬਾ ਗੁਰਦਿੱਤਾ ਜੀ ਦੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਤਬਲੇ ਦੀ ਸੇਵਾ ਸ. ਜਤਿਨ ਸਿੰਘ ਤੇ ਕਰਨਵੀਰ ਸਿੰਘ ਨੇ ਨਿਭਾਈ। ਬੱਚਿਆਂ ਵਲੋਂ ਕੀਰਤਨ ਗਾਇਨ ਕੀਤਾ ਗਿਆ।

ਬਾਬਾ ਗੁਰਦਿੱਤਾ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਭ ਤੋਂ ਵੱਡੇ ਸਪੁੱਤਰ, ਸੱਤਵੇਂ ਗੁਰੂ ਸ੍ਰੀ ਹਰਿ ਰਾਇ ਜੀ ਦੇ ਪਿਤਾ ਅਤੇ ਨੌਵੇਂ ਪਾਤਸ਼ਾਹ ਸ੍ਰੀਂ ਗੁਰੂ ਸ੍ਰੀ ਤੇਗ ਬਹਾਦਰ ਸਾਹਿਬ ਜੀ ਦੇ ਵੱਡੇ ਭਰਾ ਸਨ।ਚੌਥੀ ਪਾਤਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ ਉਨ੍ਹਾਂ ਦੇ ਪੜਦਾਦਾ ਤੇ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਉਨ੍ਹਾਂ ਦੇ ਦਾਦਾ ਸਨ ।ਉਨ੍ਹਾਂ ਦਾ ਜਨਮ 15 ਨਵੰਬਰ 1613 ਈ.ਨੂੰ ਡਰੋਲੀ ਭਾਈ ਜਿਲ੍ਹਾ ਫਿਰੋਜਪੁਰ ਵਿਚ ਹੋਇਆ।

ਇਸ ਮੌਕੇ 'ਤੇ ਉਨ੍ਹਾਂ ਦੀ ਜੀਵਨੀ ਬਾਰੇ ਕੁਲਦੀਪ ਸਿੰਘ ਕਾਮਿਲ ਤੇ ਡਾ. ਚਰਨਜੀਤ ਸਿੰਘ ਗੁਮਟਾਲਾ ਦੀ ਲਿਖੀ ਪੁਸਤਕ 'ਬਾਬਾ ਗੁਰਦਿੱਤਾ ਜੀ' ਰਲੀਜ ਕੀਤੀ ਗਈ, ਜੋ ਕਿ ਪੰਜਾਬੀ ਵਿਰਸਾ ਟਰੱਸਟ (ਰਜਿ.) ਫਗਵਾੜਾ (ਕਪੂਰਥਲਾ) ਵਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਬਾਰੇ ਸੰਖੇਪ ਜਾਣਕਾਰੀ ਪ੍ਰੋ. ਤਰਲੋਚਨ ਸਿੰਘ ਸੰਧਾਵਾਲੀਆ ਨੇ ਦਿੱਤੀ। ਪ੍ਰਸਿੱਧ ਪੱਤਰਕਾਰ ਗੁਰਮੀਤ ਪਲਾਈ ਦਾ ਇਸ ਪੁਸਤਕ ਨੂੰ ਛਪਵਾਉਣ ਵਿਚ ਵਿਸ਼ੇਸ਼ ਯੋਗਦਾਨ ਰਿਹਾ।

ਡੇਟਨ ਤੋਂ ਇਲਾਵਾ ਸਿਨਸਿਨਾਟੀ, ਹੋਰਨਾਂ ਸੂਬਿਆਂ ਅਤੇ ਕਨੇਡਾ ਤੋਂ ਵੀ ਸੰਗਤ ਨੇ ਵੀ ਇਸ ਦੀਵਾਨ ਵਿਚ ਹਾਜਰੀ ਭਰੀ। ਸਪਰਿੰਗਫੀਲਡ ਦੇ ਉਘੇ ਕਾਰੋਬਾਰੀ ਅਵਤਾਰ ਸਿੰਘ ਜੋ ਕਿ ਪਿੰਡ ਲੁਹਾਰਾਂ ਜ਼ਿਲ੍ਹਾ ਜਲੰਧਰ ਦੇ ਜੰਮਪਲ ਹਨ, ਜਿੱਥੇ ਬਾਬਾ ਗੁਰਦਿੱਤਾ ਜੀ ਦੀ ਚਰਨਛੋਹ ਪ੍ਰਾਪਤ ਗੁਰਦੁਆਰਾ ਹੈ ,ਦੇ ਪ੍ਰਵਾਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ 1993 ਤੋਂ ਇਹ ਦਿਹਾੜਾ ਹਰ ਸਾਲ ਮਨਾਇਆ ਜਾ ਰਿਹਾ। ਅਵਤਾਰ ਸਿੰਘ ਵਲੋਂ ਗੁਰਦਆਰੇ ਦੀ ਪ੍ਰਬੰਧਕ ਕਮੇਟੀ, ਸਮੂਹ ਸੇਵਾਦਾਰਾਂ ਅਤੇ ਸੰਗਤ ਦਾ ਧੰਨਵਾਦ ਕੀਤਾ। ਫੋਟੋਗ੍ਰਾਫਰੀ ਦੀ ਸੇਵਾ ਸੁਨੀਲ ਮੱਲੀ ਨੇ ਨਿਭਾਈ। ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ।

## ਪਰਾਲੀ ਸਾੜਨ ਵਿਰੁੱਧ ਜੀਰੋ ਸਹਿਣਸ਼ੀਲਤਾ ਅਪਣਾਉਂਦਿਆਂ ਮਾਨ ਸਰਕਾਰ ਵੱਲੋਂ ਡਿਊਟੀ ਵਿੱਚ ਕੁਤਾਹੀ ਲਈ ਚਾਰ ਖੇਤੀਬਾੜੀ ਅਧਿਕਾਰੀ ਮੁਅੱਤਲ



ਚੰਡੀਗੜ, 3 ਨਵੰਬਰ (ਪੋਸਟ ਬਿਊਰੋ) - ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਜਿੱਠਣ ਦੀ ਵਚਨਬੱਧਤਾ ਤਹਿਤ ਖੇਤੀਬਾੜੀ ਵਿਭਾਗ ਨੇ ਸੂਬੇ ਦੇ ਵੱਖ-ਵੱਖ ਜ਼ਿਲਿਆਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਸਾਹਮਣੇ ਆਉਣ 'ਤੇ ਅੱਜ ਚਾਰ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਲਈ ਮੁਅੱਤਲ ਕਰ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਵਿਰੁੱਧ ਜੀਰੋ ਸਹਿਣਸ਼ੀਲਤਾ ਨੀਤੀ ਅਪਣਾਈ ਹੈ ਅਤੇ ਸੂਬੇ ਭਰ ਵਿੱਚ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਵਾਸਤੇ ਜਾਗਰੂਕ ਕਰਨ ਲਈ ਜੋਰਦਾਰ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ।

ਮੁੱਖ ਮੰਤਰੀ ਭਗਵੰਤ ਮਾਨ ਨੇ ਖੇਤੀਬਾੜੀ ਅਧਿਕਾਰੀਆਂ ਨੂੰ ਜਮੀਨੀ ਪੱਧਰ 'ਤੇ ਸੰਜੀਦਗੀ ਨਾਲ ਕੰਮ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਉਨਾਂ ਦੇ ਅਧਿਕਾਰ ਖੇਤਰ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਈ ਜਾਵੇ, ਪਰ ਇਨਾਂ ਅਧਿਕਾਰੀਆਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਢੁੱਕਵੀਂ ਪਾਲਣਾ ਨਹੀਂ ਕੀਤੀ ਗਈ।

ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਚਾਰ ਖੇਤੀਬਾੜੀ ਅਧਿਕਾਰੀਆਂ ਨੂੰ ਡਿਊਟੀ ਵਿੱਚ ਕੁਤਾਹੀ ਵਰਤਣ ਦੇ ਦੋਸ਼ ਹੇਠ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਹੈ।

ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ ਮੁੱਖ ਖੇਤੀਬਾੜੀ ਅਫਸਰ ਸੰਗਰੂਰ ਹਰਬੰਸ ਸਿੰਘ, ਖੇਤੀਬਾੜੀ ਅਫਸਰ ਸਮਾਣਾ ਪਟਿਆਲਾ ਸਤੀਸ਼ ਕੁਮਾਰ, ਖੇਤੀਬਾੜੀ ਅਫਸਰ ਚੋਹਲਾ ਸਾਹਿਬ ਤਰਨ ਤਾਰਨ ਹਰਪਾਲ ਸਿੰਘ, ਖੇਤੀਬਾੜੀ ਅਫਸਰ ਪੱਟੀ, ਤਰਨ ਤਾਰਨ ਭੁਪਿੰਦਰ ਸਿੰਘ ਸ਼ਾਮਲ ਹਨ।

ਬੁਲਾਰੇ ਨੇ ਦੱਸਿਆ ਕਿ ਮੁਅੱਤਲੀ ਦੇ ਸਮੇਂ ਦੌਰਾਨ ਇਹ ਅਧਿਕਾਰੀ ਦਫਤਰ ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਐਸ.ਏ.ਐਸ.ਨਗਰ ਵਿਖੇ ਰਿਪੋਰਟ ਕਰਨਗੇ। ਉਨਾਂ ਅੱਗੇ ਦੱਸਿਆ ਕਿ ਮੁਅੱਤਲੀ ਦੌਰਾਨ ਇਨਾਂ ਅਧਿਕਾਰੀਆਂ ਨੂੰ ਨਿਯਮਾਂ/ਹਦਾਇਤਾਂ ਅਨੁਸਾਰ ਗੁਜ਼ਾਰਾ ਭੱਤਾ ਦਿੱਤਾ ਜਾਵੇਗਾ।

## ਗੂਗਲ ਮੁਲਾਜ਼ਮ ਦੀ ਹੱਤਿਆ ਕਰਨ ਵਾਲੇ ਨੂੰ ਉਮਰ ਭਰ ਲਈ ਰਹਿਣਾ ਪਵੇਗਾ ਜੇਲ ਵਿਚ, 45 ਸਾਲ ਪਹਿਲਾਂ ਨਹੀਂ ਹੋਵੇਗੀ ਪੈਰੋਲ ਉਪਰ ਰਿਹਾਈ



ਸਜ਼ਾ ਸੁਣਾਉਣ ਸਮੇ ਐਂਗਲੋ ਕੋਲੋਨ ਓਰਟਿਜ਼ ਅਦਾਲਤ ਵਿਚ ਵਕੀਲਾਂ ਵਿਚ ਘਿਰਿਆ ਹੋਇਆ ਨਜਰ ਆ ਰਿਹਾ ਹੈ।

ਸੈਕਰਾਮੈਂਟੋ, 3 ਨਵੰਬਰ (ਹੁਸਨ ਲੜੋਆ ਬੰਗਾ) - 27 ਸਾਲਾ ਗੂਗਲ ਮੁਲਾਜ਼ਮ ਵਾਨੇਸਾ ਮਾਰਕੋਟ ਦੀ ਹੱਤਿਆ ਕਰਨ ਦੇ ਦੋਸ਼ਾਂ ਤਹਿਤ ਵੋਰਸੈਸਟਰ ਵਾਸੀ 36 ਸਾਲਾ ਐਂਗਲੋ ਕੋਲੋਨ ਓਰਟਿਜ਼ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ ਸੁਣਾਈ ਗਈ ਹੈ। ਫੈਸਲਾ ਸੁਣਾਉਣ ਤੋਂ ਪਹਿਲਾਂ ਦੋਸ਼ੀ ਨੇ ਆਪਣਾ ਗੁਨਾਹ ਅਦਾਲਤ ਵਿਚ ਕਬੂਲ ਕਰ ਲਿਆ । ਵੋਰਸੈਸਟਰ ਕਾਊਂਟੀ ਡਿਸਟ੍ਰਿਕਟ ਅਟਾਰਨੀ ਦਫਤਰ ਵੱਲੋਂ ਜਾਰੀ ਪ੍ਰੈਸ ਰਲੀਜ਼ ਅਨੁਸਾਰ ਦੂਜਾ ਦਰਜਾ ਕਤਲ ਤੇ ਲੁੱਟਮਾਰ ਦੇ ਦੋਸ਼ਾਂ ਤਹਿਤ ਸੁਣਾਈ ਸਜ਼ਾ ਅਨੁਸਾਰ ਦੋਸ਼ੀ 45 ਸਾਲ ਬਾਅਦ ਹੀ ਪੈਰੋਲ ਉਪਰ ਰਿਹਾਈ ਲਈ ਦਰਖਾਸਤ ਦੇ ਸਕੇਗਾ। ਮਾਰਕੋਟ ਨਿਊਯਾਰਕ ਵਿਚ ਗੂੱਗਲ ਦੇ ਦਫਤਰ ਵਿਚ ਅਕਾਊਂਟ ਮੈਨੇਜਰ ਸੀ ਜੋ ਪ੍ਰਿੰਸਟੋਨ, ਮਾਸਾਚੂਸੈਟਸ ਵਿਚ ਆਪਣੀ ਮਾਂ ਨੂੰ ਮਿਲਣ ਗਈ ਸੀ। 7 ਅਗਸਤ 2016 ਦੀ ਸ਼ਾਮ ਨੂੰ ਉਹ ਸੈਰ ਕਰਨ ਲਈ ਘਰ ਤੋਂ ਬਾਹਰ ਗਈ ਪਰੰਤੂ ਉਹ ਘਰ ਵਾਪਿਸ ਨਹੀਂ ਆਈ। ਉਸ ਦੇ ਲਾਪਤਾ ਹੋਣ ਦੀ ਰਿਪੋਰਟ ਲਿਖਾਈ ਗਈ ਜਿਸ ਉਪਰੰਤ ਘਰ ਤੋਂ ਇਕ ਮੀਲ ਦੀ ਵੀ ਘੱਟ ਦੂਰੀ 'ਤੇ ਉਸ ਦੀ ਲਾਸ਼ ਬਰਾਮਦ ਹੋਈ ਸੀ। ਡਿਸਟ੍ਰਿਕਟ ਅਟਾਰਨੀ ਜੋਸਫ ਅਰਲੀ ਜੂਨੀਅਰ ਨੇ ਮਾਸਾਚੂਸੈਟਸ ਸਟੇਟ ਪੁਲਿਸ, ਪ੍ਰਿੰਸਟੋਨ ਪੁਲਿਸ ਤੇ ਅਸਿਸਟੈਂਟ ਡਿਸਟ੍ਰਿਕਟ ਅਟਾਰਨੀ ਵੱਲੋਂ ਮਾਮਲੇ ਦੀ ਜਾਂਚ ਤੇ ਮਾਮਲੇ ਨੂੰ ਅੰਜਾਮ ਤੱਕ ਪਹੁੰਚਾਉਣ ਲਈ ਕੀਤੇ ਕੰਮ ਦੀ ਪ੍ਰਸੰਸਾ ਕੀਤੀ ਹੈ।

## ਅਪਰਾਧੀ ਨੂੰ ਮੋਬਾਈਲ ਮੁਹੱਈਆ ਕਰਵਾਉਣ ਦੇ ਦੋਸ਼ ਵਿੱਚ ਤਿੰਨ ਪੁਲਿਸ ਮੁਲਾਜ਼ਮ ਮੁਅੱਤਲ



ਉੱਤਰ ਪ੍ਰਦੇਸ਼, 3 ਨਵੰਬਰ (ਪੋਸਟ ਬਿਊਰੋ)- ਗਾਜ਼ੀਆਬਾਦ ਦੇ ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਮੁਨੀਰਾਜ ਨੇ ਮੰਗਲਵਾਰ ਨੂੰ ਜ਼ਿਲ੍ਹਾ ਅਦਾਲਤ ਦੇ ਲਾਕਅੱਪ ਵਿਚ ਬਲਾਤਕਾਰ ਦੇ ਇਕ ਮੁਲਜ਼ਮ ਨੂੰ ਮੋਬਾਈਲ ਫ਼ੋਨ ਮੁਹੱਈਆ ਕਰਵਾਉਣ ਲਈ ਦੋ ਮੁੱਖ ਕਾਂਸਟੇਬਲਾਂ ਅਤੇ ਇੱਕ ਕਾਂਸਟੇਬਲ ਨੂੰ ਮੁਅੱਤਲ ਕਰ ਦਿੱਤਾ।ਇਕ ਪੁਲਸ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।ਉਨ੍ਹਾਂ ਦੱਸਿਆ ਕਿ ਤਿੰਨਾਂ ਖ਼ਿਲਾਫ਼ ਵਿਭਾਗੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ।ਐਸਪੀ (ਦਿਹਾਤੀ) ਇਰਾਜ ਰਾਜਾ ਨੇ ਦੱਸਿਆ ਕਿ ਮੁਲਜ਼ਮ ਵਿਸ਼ੂ ਤੋਮਰ ਨੂੰ 21 ਅਕਤੂਬਰ ਨੂੰ ਮੁਕੱਦਮੇ ਦੀ ਸੁਣਵਾਈ ਦੇ ਸਬੰਧ ਵਿੱਚ ਵਧੀਕ ਜ਼ਿਲ੍ਹਾ ਜੱਜ ਫਾਸਟ ਟ੍ਰੈਕ ਦੀ ਅਦਾਲਤ ਵਿੱਚ ਲਿਜਾਇਆ ਗਿਆ ਸੀ ਅਤੇ ਉਸ ਨੇ ਕਿਸੇ ਤਰ੍ਹਾਂ ਆਪਣੇ ਦੋਸਤ ਨਾਲ ਇੰਸਟਾਗ੍ਰਾਮ 'ਤੇ ਵੀਡੀਓ ਕਾਲਿੰਗ ਰਾਹੀਂ ਪੁਲੀਸ ਨੂੰ ਸੂਚਿਤ ਕੀਤਾ ਸੀ।

ਚੈਟ ਦਾ ਵੀਡੀਓ ਪਿਛਲੇ ਹਫਤੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਸੀ ਅਤੇ ਇਸ ਦਾ ਨੋਟਿਸ ਲੈਂਦਿਆਂ ਜਾਂਚ ਕੀਤੀ ਗਈ ਸੀ ਜਿਸ ਤੋਂ ਬਾਅਦ ਮੁੱਖ ਕਾਂਸਟੇਬਲ ਫਿਰੋਜ਼ ਮਹਿੰਦੀ ਅਤੇ ਰਿਸ਼ੀ ਕੁਮਾਰ ਅਤੇ ਕਾਂਸਟੇਬਲ ਸਰਫਰਾਜ਼ ਅਲੀ ਖਾਨ ਨੂੰ ਮੰਗਲਵਾਰ ਸ਼ਾਮ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।ਉਨ੍ਹਾਂ ਕਿਹਾ ਕਿ ਇਸ ਤੋਂ ਪੁਲੀਸ ਮੁਲਾਜ਼ਮਾਂ ਦੀ ਲਾਪ੍ਰਵਾਹੀ ਸਾਹਮਣੇ ਆਉਂਦੀ ਹੈ ਅਤੇ ਇਸ ਨਾਲ ਪੁਲੀਸ ਵਿਭਾਗ ਦਾ ਅਕਸ ਵੀ ਖ਼ਰਾਬ ਹੋਇਆ ਹੈ।ਮੁਲਜ਼ਮ ਪੁਲਿਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਹੁਕਮ ਤੁਰੰਤ ਪ੍ਰਭਾਵ ਨਾਲ ਲਾਗੂ ਕੀਤੇ ਜਾਣਗੇ।ਐਸਪੀ ਦਿਹਾਤੀ ਨੇ ਦੱਸਿਆ ਕਿ ਇਨ੍ਹਾਂ ਖ਼ਿਲਾਫ਼ ਵਿਭਾਗੀ ਜਾਂਚ ਵੀ ਸ਼ੁਰੂ ਕਰ ਦਿੱਤੀ ਗਈ ਹੈ।

## ਜੀਟੀਏਏ ਨੇ ਛੇ ਆਰਗੇਨਾਈਜ਼ੇਸ਼ਨਜ਼ ਨੂੰ ਜਾਰੀ ਕੀਤੇ 387,000 ਡਾਲਰ ਫੰਡ



ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਦੇ ਆਲੇ ਦੁਆਲੇ ਵਾਲੀਆਂ ਕਮਿਊਨਿਟੀਜ਼ ਵਿੱਚ ਬੇਰੋਜ਼ਗਾਰੀ ਨਾਲ ਸਿੱਝਣ ਵਿੱਚ ਮਦਦ ਕਰਨ ਲਈ ਗ੍ਰੇਟਰ ਟੋਰਾਂਟੋ ਏਅਰਪੋਰਟਸ ਅਥਾਰਟੀ (ਜੀਟੀਏਏ) ਵੱਲੋਂ ਛੇ ਆਰਗੇਨਾਈਜ਼ੇਸ਼ਨਜ਼ ਨੂੰ 387,000 ਡਾਲਰ ਫੰਡ ਵਜੋਂ ਦਿੱਤੇ ਗਏ ਹਨ। ਇਹ 2022 ਦੇ ਅਪਲਿਫਟ ਫੰਡ ਦਾ ਹਿੱਸਾ ਹੈ।

ਇਨ੍ਹਾਂ ਫੰਡਾਂ ਨਾਲ ਯੂਕਰੇਨ ਤੋਂ ਆਉਣ ਵਾਲੇ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਵਿੱਚ ਮਦਦ ਮਿਲੇਗੀ ਤੇ ਏਵੀਏਸ਼ਨ ਦੇ ਖੇਤਰ ਵਿੱਚ ਨੌਕਰੀਆਂ ਦਾ ਰਾਹ ਖੁੱਲ੍ਹੇਗਾ ਤੇ ਆਰਟਸ ਵਿੱਚ ਕਰੀਅਰਜ਼ ਦੇ ਨਵੇਂ ਮੌਕੇ ਵੀ ਪੈਦਾ ਹੋਣਗੇ। ਜਿਨ੍ਹਾਂ ਛੇ ਆਰਗੇਨਾਈਜ਼ੇਸ਼ਨ ਦੀ ਇਸ ਮਕਸਦ ਲਈ ਚੋਣ ਕੀਤੀ ਗਈ ਹੈ ਉਨ੍ਹਾਂ ਦੇ ਨਾਂ ਹਨ ਅਰਬਨ ਪਾਇਲਟਸ ਨੈੱਟਵਰਕ, ਐਕਸੈੱਸ ਇੰਪਲੌਇਮੈਂਟ, ਬ੍ਰੈਂਡਸ ਫੌਰ ਕੈਨੇਡਾ, ਬਲੂ ਡੋਰ ਸਪੋਰਟ, ਜੇਯੂ ਤੇ ਸ਼ੇਕਸਪੀਅਰ ਇਨ ਐਕਸ਼ਨ।

ਇਨ੍ਹਾਂ ਆਰਗੇਨਾਈਜ਼ੇਸ਼ਨਜ਼ ਵਿੱਚੋਂ ਅਰਬਨ ਪਾਇਲਟਸ ਨੈੱਟਵਰਕ, ਉੱਘੀਆਂ ਏਵੀਏਸ਼ਨ ਏਜੰਸੀਆਂ ਨਾਲ ਬਲੈਕ ਤੇ ਕੱਟੜਪੰਥੀ ਨੌਜਵਾਨਾਂ ਨੂੰ ਐਂਟਰੀ ਲੈਵਲ ਦੀਆਂ ਨੌਕਰੀਆਂ ਦਿਵਾਉਣ ਦਾ ਕੰਮ ਕਰਦੀ ਹੈ। ਐਕਸੈੱਸ ਇੰਪਲੌਇਮੈਂਟ ਜੀਟੀਏ ਵਿੱਚ ਯੂਕਰੇਨੀਅਨ ਨਿਊਕਮਰ ਅਸਿਸਟੈਂਸ ਪ੍ਰੋਗਰਾਮ ਰਾਹੀਂ ਜੀਟੀਏ ਵਿੱਚ ਯੂਕਰੇਨ ਤੋਂ ਆਏ ਨਿਊ ਕਮਰਜ਼ ਲਈ ਰੋਜ਼ਗਾਰ ਦਿਵਾਉਣ ਦਾ ਕੰਮ ਕਰਦੀ ਹੈ।

ਬਲੂ ਡੋਰ ਸਪੋਰਟ ਦਾ ਕੰਸਟ੍ਰਕਟ ਪ੍ਰੋਗਰਾਮ ਕੰਸਟ੍ਰਕਸ਼ਨ ਇੰਡਸਟਰੀ ਲਈ ਨੌਜਵਾਨਾਂ ਨੂੰ ਤਿਆਰ ਕਰਦਾ ਹੈ।ਉਹ ਮੁਫਤ ਆਈਏਐਮ ਪ੍ਰੋਗਰਾਮ ਆਫਰ ਕਰਦੇ ਹਨ ਤੇ ਅੱਠ ਹਫਤਿਆਂ ਦਾ ਇੰਪਲੌਇਮੈਂਟ ਆਰਟਸ ਐਂਡ ਕਲਚਰ ਟਰੇਨਿੰਗ ਪ੍ਰੋਗਰਾਮ ਕਰਵਾਉਂਦੇ ਹਨ। ਸ਼ੇਕਸਪੀਅਰ ਇਨ ਐਕਸ਼ਨ ਦੇ ਬੈਕਸਟੇਜ ਸੈਂਟਰ ਟੈਕਨੀਕਲ ਅਪਰੈਂਟਿਸਸ਼ਿਪ ਪ੍ਰੋਗਰਾਮ ਤਹਿਤ 15 ਤੋਂ 30 ਸਾਲਾਂ ਦੇ ਨੌਜਵਾਨਾਂ ਨੂੰ ਪੇਡ ਜੌਬ ਲਈ ਟਰੇਨਿੰਗ ਮੁਹੱਈਆ ਕਰਵਾਈ ਜਾਂਦੀ ਹੈ।

### ਲੰਡਨ 'ਚ ਔਰਤ ਨੇ ਟੈਕਸੀ 'ਚ ਦਿੱਤਾ ਬੱਚੇ ਨੂੰ ਜਨਮ



ਲੰਡਨ, 3 ਨਵੰਬਰ (ਪੋਸਟ ਬਿਊਰੋ)- ਬ੍ਰਿਟੇਨ 'ਚ ਕੈਬ ਸਫਰ ਦੌਰਾਨ ਇਕ ਔਰਤ ਨੇ ਬੱਚੇ ਨੂੰ ਜਨਮ ਦਿੱਤਾ, ਜਿਸ ਲਈ ਕੰਪਨੀ ਨੇ ਔਰਤ ਨੂੰ ਕਾਰ ਦੀ ਸਫਾਈ ਲਈ 60 ਪੌਂਡ ਦਾ ਬਿੱਲ ਭੇਜਿਆ।ਰਿਪੋਰਟ ਮੁਤਾਬਕ ਫਰਾਹ ਕਾਕਾਨਿਦੀਨ (26) ਨੂੰ ਜਣੇਪੇ ਦੇ ਦਰਦ ਕਾਰਨ ਹਸਪਤਾਲ ਲਿਜਾਇਆ ਜਾ ਰਿਹਾ ਸੀ ਜਦੋਂ ਉਸ ਨੇ ਕੈਬ ਵਿੱਚ ਬੱਚੇ ਨੂੰ ਜਨਮ ਦਿੱਤਾ। ਕੁਝ ਦਿਨਾਂ ਬਾਅਦ, ਕੈਬ ਡਰਾਈਵਰ ਨੇ ਉਸ ਨੂੰ ਵਾਹਨ ਦੀ ਸਫਾਈ ਅਤੇ ਕਿਰਾਏ 'ਤੇ ਦੇਣ ਲਈ 90 ਪੌਂਡ ਦਾ ਬਿੱਲ ਭੇਜਿਆ।ਇਸ ਬਿੱਲ ਵਿੱਚ ਸਫਾਈ ਲਈ £60 ਅਤੇ ਕਿਰਾਏ ਲਈ £30 ਵੀ ਸ਼ਾਮਲ ਹਨ।






## ਅੱਜ ਨਾਮਾ

ਖਬਰ ਪਾਕਿ ਦੀ ਆਈ ਕੁਝ ਫਿਕਰ ਵਾਲੀ,
ਗੋਲੀ ਇਮਰਾਨ ਵੱਲ ਗਈ ਚਲਾਈ ਮੀਆਂ।
ਖਤਰਾ ਜਾਨ ਦਾ ਕਿਸੇ ਤਰ੍ਹਾਂ ਟਲ ਗਿਆ ਸੀ,
ਹਰ ਇੱਕ ਤਰਫ ਗਈ ਮੱਚ ਦੁਹਾਈ ਮੀਆਂ।
ਛੱਡਦਾ ਲਪਟਾਂ ਸਿਆਸਤ ਦਾ ਪਿਆ ਖੇਤਰ,
ਗੱਦੀ ਲਈ ਤਿੱਖੀ ਹੈ ਬੜੀ ਲੜਾਈ ਮੀਆਂ।
ਛਿੜ ਗਿਆ ਨਵਾਂ ਵਿਵਾਦ ਆ ਨਾਲ ਇਹਦੇ,
ਕਿਸ ਨੇ ਸਾਜ਼ਿਸ਼ ਆ ਘੜੀ-ਘੜਾਈ ਮੀਆਂ।
ਅਮਨ-ਅਮਾਨ ਹੈ ਪਾਕਿ ਵਿੱਚ ਬਾਹਰ ਕਾਬੂ,
ਜ਼ਾਮਨੀ ਜਾਨ ਲਈ ਕੋਈ ਨਹੀਂ ਰਹੀ ਮੀਆਂ।
ਕਿੱਦਾਂਕਿੱਦਾਂਸਨ ਵਰਤ'ਗੇ ਕਹਿਰ ਪਹਿਲਾਂ,
ਕਹਾਣੀ ਸੌਖ ਨਾਲ ਜਾਂਦੀ ਨਹੀਂ ਕਹੀ ਮੀਆਂ।

**ਤੀਸ ਮਾਰ ਖਾਂ**

# ਫਰੀਲੈਂਡ ਨੇ ਮਿਨੀ ਬਜਟ ਪੇਸ਼ ਕਰਨ ਸਮੇਂ ਦਿੱਤੀ ਮੰਦਵਾੜੇ ਦੀ ਚੇਤਾਵਨੀ

...ਪੰਨਾ 1 ਦਾ ਬਾਕੀ

ਦਬਾਅ ਦੇ ਚੱਲਦਿਆਂ ਮਿਨੀ ਬਜਟ ਵਿੱਚ ਮੁਕਾਬਲਤਨ ਨਵੇਂ ਖਰਚਿਆਂ ਨੂੰ ਸਕੁੱਚ ਕੇ ਕਰਨ ਦੀ ਗੱਲ ਉੱਤੇ ਜ਼ੋਰ ਦਿੱਤਾ ਗਿਆ। 2027-28 ਤੱਕ 30·6 ਬਿਲੀਅਨ ਡਾਲਰ ਖਰਚ ਕਰਨ ਦਾ ਵਾਅਦਾ ਕੀਤਾ ਗਿਆ। ਇਨ੍ਹਾਂ ਵਿੱਚ ਪਹਿਲਾਂ ਤੋਂ ਹੀ ਕੀਤੇ ਗਏ ਤਿੰਨ ਵਾਅਦਿਆਂ ਲਈ ਵੀ ਰਕਮ ਰਾਖਵੀਂ ਰੱਖੀ ਗਈ, ਇਹ ਵਾਅਦੇ ਹਨ-ਜੀਐਸਟ ਕ੍ਰੈਡਿਟ ਨੂੰ ਆਰਜ਼ੀ ਤੌਰ ਉੱਤੇ ਦੁੱਗਣਾ ਕਰਨਾ, ਹਾਊਸਿੰਗ ਬੈਨੇਫਿਟ ਮੁਹੱਈਆ ਕਰਵਾਉਣ ਦੇ ਨਾਲ ਨਾਲ ਡੈਂਟਲ ਕੇਅਰ ਬੈਨੇਫਿਟ ਮੁਹੱਈਆ ਕਰਵਾਉਣਾ।

ਵੀਰਵਾਰ ਨੂੰ ਹਾਊਸ ਆਫ ਕਾਮਨਜ਼ ਵਿੱਚ ਮਿਨੀ ਬਜਟ ਪੇਸ਼ ਕਰਦਿਆਂ ਫਰੀਲੈਂਡ ਨੇ ਆਖਿਆ ਕਿ ਤੇਜ਼ੀ ਨਾਲ ਵਧ ਰਹੀ ਮਹਿੰਗਾਈ ਨੂੰ ਠੱਲ੍ਹ ਪਾਉਣ ਲਈ ਸੈਂਟਰਲ ਬੈਂਕ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਤੋਂ ਫੈਡਰਲ ਸਰਕਾਰ ਵੱਲੋਂ ਪਾਸੇ ਰਹਿਣ ਦਾ ਫੈਸਲਾ ਕੀਤਾ ਗਿਆ ਹੈ।ਅਸੀਂ ਬੈਂਕ ਆਫ ਕੈਨੇਡਾ ਦਾ ਕੰਮ ਹੋਰ ਔਖਾ ਨਹੀਂ ਕਰਨਾ ਚਾਹੁੰਦੇ। ਇਸ ਦੌਰਾਨ ਐਨਡੀਪੀ ਆਗੂ ਜਗਮੀਤ ਸਿੰਘ ਨੇ ਆਖਿਆ ਕਿ ਭਾਵੇਂ ਫੈਡਰਲ ਸਰਕਾਰ ਵੱਲੋਂ ਆਪਣੀ ਵਿੱਤੀ ਅਪਡੇਟ ਵਿੱਚ ਕੈਨੇਡੀਅਨਜ਼ ਦੀ ਓਨੀ ਮਦਦ ਦੀ ਗੱਲ ਨਹੀਂ ਕੀਤੀ ਗਈ ਜਿੰਨੀ ਉਨ੍ਹਾਂ ਨੂੰ ਚਾਹੀਦੀ ਹੈ ਪਰ ਉਨ੍ਹਾਂ ਦੇ ਕਾਕਸ ਵੱਲੋਂ ਲਿਬਰਲਾਂ ਦੀ ਘੱਟ ਗਿਣਤੀ ਸਰਕਾਰ ਦਾ ਇਸ ਮੁੱਦੇ ਉੱਤੇ ਸਮਰਥਨ ਕੀਤਾ ਜਾਂਦਾ ਹੈ। ਇਸ ਦੌਰਾਨ ਵਿਰੋਧੀ ਧਿਰ ਦੇ ਆਗੂ ਪਿਏਰ ਪੌਲੀਏਵਰ ਨੇ ਆਖਿਆ ਕਿ ਇਸ ਨਾਲ ਮਹਿੰਗਾਈ ਵਿੱਚ ਹੋਰ ਵਾਧਾ ਹੋਵੇਗਾ।

# ਫੋਰਡ ਸਰਕਾਰ ਵਲੋਂ ਬੈਕ ਟੂ ਵਰਕ ਬਿਲ ਪਾਸ

...ਪੰਨਾ 1 ਦਾ ਬਾਕੀ

ਵਰਕਰਜ਼ ਤੇ ਓਨਟਾਰੀਓ ਸਰਕਾਰ ਦਰਮਿਆਨ ਕਿਸੇ ਤਰ੍ਹਾਂ ਦੇ ਸਮਝੌਤੇ ਉੱਤੇ ਪਹੁੰਚਣ ਸਬੰਧੀ ਮਾਰਿਆ ਗਿਆ ਹੰਭਲਾ ਗੱਲਬਾਤ ਦੇ ਆਖਰੀ ਦਿਨ ਵੀ ਸਿਰੇ ਨਹੀਂ ਚੜ੍ਹ ਸਕਿਆ ਤੇ ਦੋਵਾਂ ਧਿਰਾਂ ਦਰਮਿਆਨ ਕੋਈ ਸਮਝੌਤਾ ਨਹੀਂ ਹੋ ਸਕਿਆ। ਯੂਨੀਅਨ ਬਾਰਗੇਨਿੰਗ ਕਮੇਟੀ ਨੇ ਆਖਿਆ ਕਿ ਦੁਪਹਿਰ ਵੇਲੇ ਉਨ੍ਹਾਂ ਨੂੰ ਪਤਾ ਲੱਗਿਆ ਕਿ ਗੱਲਬਾਤ ਕਿਸੇ ਤਣ-ਪੱਤਣ ਨਹੀਂ ਲੱਗ ਸਕੀ। ਕਮੇਟੀ ਨੇ ਆਖਿਆ ਕਿ ਇਹ ਸਪਸ਼ਟ ਹੀ ਨਜ਼ਰ ਆ ਰਿਹਾ ਸੀ ਕਿ ਸਰਕਾਰ ਗੱਲਬਾਤ ਸਿਰੇ ਚੜ੍ਹਾਉਣ ਦਾ ਇਰਾਦਾ ਹੀ ਨਹੀਂ ਰੱਖਦੀ।

ਕਮੇਟੀ ਵੱਲੋਂ ਇਹ ਬਿਆਨ ਜਾਰੀ ਕਰਨ ਤੋਂ ਕੁੱਝ ਮਿੰਟ ਬਾਅਦ ਹੀ ਸਿੱਖਿਆ ਮੰਤਰੀ ਲਿਚੇ ਨੇ ਇੱਕ ਨਿਊਜ਼ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਰਕਾਰ ਨੇ ਸਮਝੌਤਾ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲੌਈਜ਼ ਨੇ ਕੋਈ ਪੇਸ਼ ਨਹੀਂ ਚੱਲਣ ਦਿੱਤੀ ਤੇ ਹੜਤਾਲ ਕਰਨ ਦਾ ਪੱਕਾ ਮਨ ਬਣਾਈ ਰੱਖਿਆ। ਇਸ ਦੇ ਮੱਦੇਨਜ਼ਰ ਓਨਟਾਰੀਓ ਦੇ ਦੋ ਮਿਲੀਅਨ ਵਿਦਿਆਰਥੀਆਂ ਲਈ ਕਲਾਸਾਂ ਖੁੱਲ੍ਹੀਆਂ ਰੱਖਣ ਤੇ ਪੜ੍ਹਾਈ ਦੇ ਨੁਕਸਾਨ ਤੋਂ ਉਨ੍ਹਾਂ ਨੂੰ ਬਚਾਉਣ ਲਈ ਸਰਕਾਰ ਨੂੰ ਇਹ ਅੱਕ ਚੱਬਣਾ ਪਿਆ।

ਇਸ ਦੌਰਾਨ ਯੂਨੀਅਨ ਨੇ ਵੀ ਇਹ ਸਪਸ਼ਟ ਕਰ ਦਿੱਤਾ ਹੈ ਕਿ ਇਸ ਬਿੱਲ ਦੇ ਪਾਸ ਹੋ ਜਾਣ ਦੇ ਬਾਵਜੂਦ ਉਨ੍ਹਾਂ ਦੇ ਮੈਂਬਰ ਪ੍ਰੋਵਿੰਸ ਪੱਧਰ ਉੱਤੇ ਕੀਤੀ ਜਾਣ ਵਾਲੀ ਹੜਤਾਲ ਵਿੱਚ ਹਿੱਸਾ ਲੈਣਗੇ।

# ਸਕੂਲ ਦੇ ਬਾਹਰ ਗੋਲੀ ਚਲਾ ਕੇ ਵਿਦਿਆਰਥੀ ਦੀ ਜਾਨ ਲੈਣ ਵਾਲਾ 17 ਸਾਲਾ ਮਸ਼ਕੂਕ ਪੁਲਿਸ ਹਿਰਾਸਤ ਵਿੱਚ




ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸਕਾਰਬਰੋ ਦੇ ਹਾਈ ਸਕੂਲ ਦੇ ਬਾਹਰ ਇੱਕ ਟੀਨੇਜਰ ਦਾ ਗੋਲੀ ਮਾਰ ਕੇ ਕਤਲ ਕਰਨ ਵਾਲੇ 17 ਸਾਲਾ ਲੜਕੇ ਨੇ ਵੀਰਵਾਰ ਨੂੰ ਪੁਲਿਸ ਕੋਲ ਆਤਮ ਸਮਰਪਣ ਕਰ ਦਿੱਤਾ।

ਸੋਮਵਾਰ ਨੂੰ ਦੁਪਹਿਰੇ 3:30 ਦੇ ਨੇੜੇ ਤੇੜੇ ਮਾਰਖਮ ਤੇ ਐਲਸਮੀਅਰ ਰੋਡ ਇਲਾਕੇ ਵਿੱਚ ਵੋਬਰਨ ਕਾਲਜੀਏਟ ਇੰਸਟੀਚਿਊਟ ਦੇ ਬਾਹਰ ਦਿਨ ਦਿਹਾੜੇ ਗੋਲੀ ਚੱਲਣ ਦੀ ਖਬਰ ਮਿਲਣ ਤੋਂ ਬਾਅਦ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੇ ਪਾਇਆ ਕਿ ਸਕੂਲ ਦੇ ਸਾਹਮਣੇ ਇੱਕ ਟੀਨੇਜਰ ਲੜਕਾ ਗੋਲੀ ਲੱਗਣ ਕਾਰਨ ਜ਼ਖ਼ਮੀ ਪਿਆ ਹੈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਮ੍ਰਿਤਕ ਲੜਕੇ ਦੀ ਪਛਾਣ ਟੋਰਾਂਟੋ ਦੇ 18 ਸਾਲਾ ਜੈਫਰਸਨ ਪੀਟਰ ਸ਼ਾਰਡਲੇਅ ਗੁਏਰੀਅਰ ਵਜੋਂ ਕੀਤੀ ਗਈ। ਇਹ ਵੀ ਪਤਾ ਲੱਗਿਆ ਕਿ ਗੁਏਰੀਅਰ ਲੈਸਟਰ ਬੀ· ਪੀਅਰਸਨ ਕਾਲਜੀਏਟ ਇੰਸਟੀਚਿਊਟ ਦਾ ਸਾਬਕਾ ਵਿਦਿਆਰਥੀ ਸੀ।ਇਸ ਗੋਲੀਕਾਂਡ ਦਾ ਸ਼ਿਕਾਰ ਇੱਕ ਹੋਰ 15 ਸਾਲਾ ਲੜਕਾ ਵੀ ਹੋਇਆ। ਜ਼ਖ਼ਮੀ ਹਾਲਤ ਵਿੱਚ ਹੀ ਉਹ ਆਪ ਹੀ ਨੇੜਲੇ ਹਸਪਤਾਲ ਚਲਾ ਗਿਆ। ਉਸ ਨੂੰ ਟਰੌਮਾ ਸੈਂਟਰ ਲਿਜਾਇਆ ਗਿਆ ਤੇ ਹੁਣ ਉਸ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਸ਼ੂਟਿੰਗ ਤੋਂ ਬਾਅਦ ਵੋਬਰਨ ਕਾਲਜੀਏਟ ਨੂੰ ਲਾਕਡਾਊਨ ਕਰ ਦਿੱਤਾ ਗਿਆ ਪਰ ਪੁਲਿਸ ਅਧਿਕਾਰੀਆਂ ਦੀ ਮਦਦ ਨਾਲ ਵਿਦਿਆਰਥੀਆਂ ਨੂੰ ਸਕੂਲ ਤੋਂ ਬਾਹਰ ਨਿਕਲਣ ਦਿੱਤਾ ਗਿਆ।

ਬੁੱਧਵਾਰ ਨੂੰ ਪੁਲਿਸ ਨੇ ਮਸ਼ਕੂਕ ਟੀਨੇਜਰ ਦੀ ਤਸਵੀਰ ਜਾਰੀ ਕੀਤੀ ਤੇ ਵੀਰਵਾਰ ਨੂੰ ਟੋਰਾਂਟੋ ਦੇ 17 ਸਾਲਾ ਟੀਨੇਜਰ ਨੇ ਪੁਲਿਸ ਕੋਲ ਆਤਮ-ਸਮਰਪਣ ਕਰ ਦਿੱਤਾ। ਉਸ ਖਿਲਾਫ ਸੈਕਿੰਡ ਡਿਗਰੀ ਮਰਡਰ ਦਾ ਚਾਰਜ ਲਾਇਆ ਗਿਆ ਹੈ। ਉਸ ਨੂੰ ਸ਼ੁੱਕਰਵਾਰ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editor** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer** | **Bhupinder Dhillon** |
| **Marketing:** | **Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਡੇਅਲਾਈਟ ਸੇਵਿੰਗਜ਼ ਸਮਾਂ ਖ਼ਤਮ ਹੋਣ ਦੇ ਬਾਵਜੂਦ ਫਾਇਰ ਸੇਫਟੀ ਰਹੇਗੀ ਜਾਰੀ

ਪੰਨਾ 1 ਦਾ ਬਾਕੀ

ਹੈ ਜਾਂ ਅਟੈਚਡ ਗੈਰਾਜ ਹੈ ਤਾਂ ਤੁਹਾਡੇ ਘਰ ਲਈ ਕਾਰਬਨ ਮੋਨੋਆਕਸਾਈਡ ਅਲਾਰਮ ਦੀ ਲੋੜ ਹੈ। ਫਿਊਲ ਬਰਨਿੰਗ ਅਪਲਾਇੰਸਿਜ਼ ਵਿੱਚ ਭੱਠੀਆਂ, ਗਰਮ ਪਾਣੀ ਵਾਲੇ ਹੀਟਰ, ਗੈਸ ਜਾਂ ਲੱਕੜ ਨਾਲ ਚੱਲਣ ਵਾਲੀਆਂ ਫਾਇਰਪਲੇਸਿਜ਼, ਚੁੱਕਵੇਂ ਫਿਊਲ ਬਰਨਿੰਗ ਹੀਟਰਜ਼ ਤੇ ਜੈਨਰੇਟਰਜ਼, ਬਾਰਬੀਕਿਊਜ਼, ਸਟੋਵਜ਼ ਤੇ ਗੱਡੀਆਂ ਸ਼ਾਮਲ ਹਨ।ਇੱਥੇ ਦੱਸਣਾ ਬਣਦਾ ਹੈ ਕਿ ਪਹਿਲੀ ਨਵੰਬਰ ਤੋਂ 7 ਨਵੰਬਰ ਤੱਕ ਕਾਰਬਨ ਮੋਨੋਆਕਸਾਈਡ ਅਵੇਅਰਨੈੱਸ ਵੀਕ ਮਨਾਇਆ ਜਾ ਰਿਹਾ ਹੈ।

ਫਾਇਰ ਚੀਫ ਨੇ ਆਖਿਆ ਕਿ ਓਨਟਾਰੀਓ ਵਿੱਚ ਕਾਰਬਨ ਮੋਨੋਆਕਸਾਈਡ ਕਾਰਨ ਹੋਣ ਵਾਲੀਆਂ ਦੁਰਘਟਨਾਵਾਂ ਤੇ ਮੌਤਾਂ ਘਰਾਂ ਵਿੱਚ ਹੀ ਹੁੰਦੀਆਂ ਹਨ। ਜ਼ਿਕਰਯੋਗ ਹੈ ਕਿ ਕੇਲਡਨ ਫਾਇਰ ਐਂਡ ਐਮਰਜੰਸੀ ਸਰਵਿਸਿਜ਼ ਵੱਲੋਂ ਐਤਵਾਰ, 6 ਨਵੰਬਰ, 2022 ਨੂੰ ਕੇਲਡਨ ਈਸਟ ਕਮਿਊਨਿਟੀ ਸੈਂਟਰ ਵਿੱਚ ਦੁਪਹਿਰੇ 2:30 ਤੋਂ 4:00 ਵਜੇ ਤੱਕ ਕਾਰਬਨ ਮੋਨੋਆਕਸਾਈਡ ਅਵੇਅਰਨੈੱਸ ਪਬਲਿਕ ਫਰੀ ਸਕੇਟ ਈਵੈਂਟ ਕਰਵਾਇਆ ਜਾ ਰਿਹਾ ਹੈ ਤੇ ਇਸ ਦੇ ਨਾਲ ਹੀ ਨਵੇਂ ਸਮੋਕ ਐਂਡ ਕਾਰਬਨ ਮੋਨੋਆਕਸਾਈਡ ਅਲਾਰਮ ਦੀ ਘੁੰਢ ਚੁਕਾਈ ਵੀ ਕੀਤੀ ਜਾਵੇਗੀ। ਇਸ ਦੌਰਾਨ ਰੈਜ਼ੀਡੈਂਟਸ ਲਈ ਹੌਟ ਚਾਕਲੇਟ ਦਾ ਇੰਤਜ਼ਾਮ ਕੀਤਾ ਜਾਵੇਗਾ ਤੇ ਉਨ੍ਹਾਂ ਨੂੰ ਆਪਣੇ ਲੋਕਲ ਫਾਇਰਫਾਈਟਰਜ਼ ਨਾਲ ਮੁਲਾਕਾਤ ਕਰਨ ਦੇ ਨਾਲ ਨਾਲ ਫਾਇਰ ਟਰੱਕ ਦਾ ਟੂਰ ਕਰਨ ਦਾ ਵੀ ਮੌਕਾ ਮਿਲੇਗਾ।

# ਗੈਰਕਾਨੂੰਨੀ ਕਰਾਰ ਦਿੱਤੇ ਜਾਣ ਦੇ ਬਾਵਜੂਦ ਹੜਤਾਲ ਕਰਨਗੇ ਐਜੂਕੇਸ਼ਨ ਵਰਕਰਜ਼

...ਪੰਨਾ 1 ਦਾ ਬਾਕੀ

ਕੁੱਝ ਦਾ ਕਹਿਣਾ ਹੈ ਕਿ ਉਹ ਸਕੂਲ ਬੰਦ ਰੱਖਣਗੇ ਤੇ ਹੋਰਨਾਂ ਦਾ ਕਹਿਣਾ ਹੈ ਕਿ ਉਹ ਆਨਲਾਈਨ ਕਲਾਸਾਂ ਨਾਲ ਬੱਚਿਆਂ ਦੀ ਪੜ੍ਹਾਈ ਜਾਰੀ ਰੱਖਣਗੇ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਜਿਸ ਸਮੇਂ ਵਿਧਾਨਸਭਾ ਵਿੱਚ ਬਿੱਲ ਸਬੰਧੀ ਵੋਟਾਂ ਦੀ ਗਿਣਤੀ ਚੱਲ ਰਹੀ ਸੀ ਉਸ ਸਮੇਂ ਪ੍ਰੀਮੀਅਰ ਫੋਰਡ ਮੌਜੂਦ ਨਹੀਂ ਸਨ। ਇਸ ਵਿਵਾਦਗ੍ਰਸਤ ਕਾਨੂੰਨ ਦੇ ਪਾਸ ਹੋਣ ਤੋਂ ਕਈ ਘੰਟੇ ਪਹਿਲਾਂ ਹੀ ਕਿਸੇ ਤਰ੍ਹਾਂ ਦਾ ਸਮਝੌਤਾ ਹੋਏ ਬਿਨਾਂ ਫੋਰਡ ਸਰਕਾਰ ਤੇ ਯੂਨੀਅਨ ਦਰਮਿਆਨ ਗੱਲਬਾਤ ਟੁੱਟ ਚੁੱਕੀ ਸੀ।



ਬੌਨੀ ਬਰੇਜ਼ ਪਾਰਕ ਸੀਨੀਅਰਜ਼ ਕਲੱਬ, ਬਰੈਂਪਟਨ ਵਲੋਂ ਆਯੋਜਿਤ ਕਰਵਾਏ ਗਏ ਕੈਂਸਰ ਫੰਡ ਰੇਜ਼ਿੰਗ ਈਵੈਂਟ 'The Fight Against Cancer' ਵਿਚ ਭਾਗ ਲੈਣ ਵਾਲੇ ਅਤੇ ਫੰਡ ਵਿਚ ਹਿੱਸਾ ਪਾਉਣ ਵਾਲੇ ਸਾਰਿਆਂ ਦਾ ਕਲੱਬ ਦੇ ਪ੍ਰਧਾਨ ਧਰਮਪਾਲ ਸਿੰਘ ਸ਼ੇਰਗਿੱਲ ਅਤੇ ਮੀਤ ਪ੍ਰਧਾਨ ਅਮਰਜੀਤ ਸਿੰਘ ਕੰਗ ਵਲੋਂ ਧੰਨਵਾਦ ਕੀਤਾ ਗਿਆ। ਇਸ ਈਵੈਂਟ ਦੌਰਾਨ 7165 ਡਾਲਰ ਦਾ ਫੰਡ ਇਕੱਠਾ ਹੋਇਆ, ਜੋ ਕਿ The Cancer Society of Canada ਨੂੰ ਦਾਨ ਕਰ ਦਿੱਤਾ ਗਿਆ।




# ਡਿਪਟੀ ਕਮਿਸ਼ਨਰ ਤੇ ਪੁਲਿਸ ਕਮਿਸ਼ਨਰ ਵਲੋਂ ਨਸ਼ਾਖੋਰੀ ਵਿਰੁੱਧ ਮਹੀਨਾਵਾਰ ਜਾਗਰੂਕਤਾ ਮੁਹਿੰਮ ਦਾ ਆਗਾਜ਼

*** ਨਸ਼ਿਆਂ ਦੀ ਸਮੱਸਿਆ ਨਾਲ ਨਜਿੱਠਣ ਲਈ 360-ਡਿਗਰੀ ਪਹੁੰਚ ਅਪਣਾਈ ਜਾਵੇਗੀ - ਡੀ.ਸੀ. ਸੁਰਭੀ ਮਲਿਕ**




ਲੁਧਿਆਣਾ, 3 ਨਵੰਬਰ (ਗਿਆਨ ਸਿੰਘ) - ਨਸ਼ਿਆਂ ਦੀ ਲਾਹਨਤ ਨੂੰ ਪੂਰੀ ਤਰ੍ਹਾਂ ਨਕੇਲ ਪਾਉਣ ਦੇ ਮੰਤਵ ਨਾਲ, ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਸਿਵਲ ਸੁਸਾਇਟੀ, ਉਦਯੋਗ, ਵਿੱਦਿਅਕ ਸੰਸਥਾਵਾਂ, ਗੈਰ ਸਰਕਾਰੀ ਸੰਗਠਨਾਂ ਅਤੇ ਹੋਰਾਂ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਮਹੀਨਾ ਭਰ ਚੱਲਣ ਵਾਲੀ ਜਨ ਪੱਧਰੀ ਜਾਗਰੂਕਤਾ ਮੁਹਿੰਮ ਚਲਾਈ ਗਈ ਹੈ।

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਅਤੇ ਪੁਲਿਸ ਕਮਿਸ਼ਨਰ ਡਾ. ਕੌਸਤੁਭ ਸ਼ਰਮਾ ਵਲੋਂ ਸਾਂਝੀ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਨਸ਼ਾ ਮੁਕਤ ਸਮਾਜ ਦੀ ਪ੍ਰਾਪਤੀ ਲਈ ਸਾਰੇ ਭਾਗੀਦਾਰਾਂ ਦੇ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਇਹ ਮੁਹਿੰਮ ਸਾਡਾ ਦ੍ਰਿੜ ਸੰਕਲਪ ਹੈ। ਉਨ੍ਹਾਂ ਕਿਹਾ ਕਿ ਸਕੂਲ ਅਤੇ ਕਾਲਜ ਦੇ ਵਿਦਿਆਰਥੀਆਂ, ਪ੍ਰਾਈਵੇਟ ਸਿਹਤ ਸੰਸਥਾਵਾਂ ਅਤੇ ਉਦਯੋਗਾਂ ਦੁਆਰਾ ਇਸ ਖਤਰੇ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਸ਼ਹਿਰ ਦੇ ਹਰ ਕੋਨੇ-ਕੋਨੇ ਵਿੱਚ ਯਕੀਨੀ ਬਣਾਇਆ ਜਾਵੇਗਾ ਅਤੇ ਪੁਲਿਸ ਵੱਲੋਂ ਨਸ਼ੇ ਦੇ ਸੌਦਾਗਰਾਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਸ਼ਹਿਰ ਵਿੱਚ ਨਸ਼ਿਆਂ ਦੇ 48 ਹੌਟਸਪੌਟਸ ਦੀ ਸ਼ਨਾਖਤ ਕੀਤੀ ਗਈ ਹੈ, ਜਿੱਥੇ ਨਸ਼ਿਆਂ ਦੀ ਰੋਕਥਾਮ ਲਈ ਵੱਡੇ ਪੱਧਰ 'ਤੇ ਵੱਖ-ਵੱਖ ਗਤੀਵਿਧੀਆਂ ਚਲਾਉਣ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਸਿਹਤ ਸੰਸਥਾਵਾਂ ਵੱਲੋਂ ਨਸ਼ੇ 'ਤੇ ਨਿਰਭਰ ਵਿਅਕਤੀਆਂ ਨੂੰ ਇਲਾਜ ਅਤੇ ਸਲਾਹ ਸੇਵਾਵਾਂ ਪ੍ਰਦਾਨ ਕਰਨ ਲਈ ਵਿਸ਼ੇਸ਼ ਮੈਡੀਕਲ ਕੈਂਪ ਵੀ ਲਗਾਏ ਜਾਣਗੇ। ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਆਉਣ ਵਾਲੇ ਲੋਕ ਭਾਸ਼ਣ ਦੇਣਗੇ ਅਤੇ ਆਪਣੀਆਂ ਕਹਾਣੀਆਂ ਸਾਂਝੀਆਂ ਕਰਨਗੇ ਤਾਂ ਜੋ ਦੂਜਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਲਈ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ ਜਾ ਸਕੇ।

ਡਿਪਟੀ ਕਮਿਸ਼ਨਰ ਅਤੇ ਪੁਲਿਸ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਦੂਰਅੰਦੇਸ਼ੀ ਅਤੇ ਗਤੀਸ਼ੀਲ ਅਗਵਾਈ ਹੇਠ ਨਸ਼ਿਆਂ ਦੀ ਅਲਾਮਤ ਨੂੰ ਪੂਰੀ ਤਰ੍ਹਾਂ ਜੜ੍ਹੋਂ ਖਤਮ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਨਸ਼ੇ 'ਤੇ ਨਿਰਭਰ ਨੌਜਵਾਨਾਂ ਦੇ ਇਲਾਜ ਲਈ ਨਸ਼ਾ ਛੁਡਾਊ ਅਤੇ ਓਟ ਸੈਂਟਰ ਖੋਲ੍ਹੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਕੇਂਦਰ ਨਸ਼ੇ 'ਤੇ ਨਿਰਭਰ ਨੌਜਵਾਨਾਂ ਦੇ ਸਹੀ ਇਲਾਜ ਅਤੇ ਕਾਉਂਸਲਿੰਗ ਰਾਹੀਂ ਨਸ਼ਿਆਂ ਤੋਂ ਛੁਟਕਾਰਾ ਪਾਉਣ ਵਿੱਚ ਮਦਦ ਕਰਕੇ ਉਨ੍ਹਾਂ ਦੀ ਜ਼ਿੰਦਗੀ ਬਦਲ ਰਹੇ ਹਨ।

ਡਿਪਟੀ ਕਮਿਸ਼ਨਰ ਸੁਰਭੀ ਮਲਿਕ ਨੇ ਦੱਸਿਆ ਕਿ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਸਿਵਲ ਸੁਸਾਇਟੀ ਦੇ ਸਹਿਯੋਗ ਨਾਲ ਨਸ਼ਿਆਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ 360 ਡਿਗਰੀ ਪਹੁੰਚ ਅਪਣਾਈ ਜਾ ਰਹੀ ਹੈ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਵਿਰੋਧੀ ਮੁਹਿੰਮ ਦਾ ਹਿੱਸਾ ਬਣਨ ਕਿਉਂਕਿ ਨੌਜਵਾਨਾਂ ਨੂੰ ਨਸ਼ਿਆਂ ਦੇ ਚੁੰਗਲ ਤੋਂ ਬਚਾਉਣਾ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਤਬਾਹ ਕਰ ਰਹੇ ਹਨ।

ਕੁਝ ਰੈਸਟੋਰੈਂਟਾਂ, ਪੱਬਾਂ ਅਤੇ ਹੋਟਲਾਂ ਵਿੱਚ ਹੁੱਕਾ ਪਰੋਸਣ ਬਾਰੇ ਪੁੱਛਣ 'ਤੇ ਪੁਲਿਸ ਕਮਿਸ਼ਨਰ ਡਾ. ਕੌਸਤੁਭ ਸ਼ਰਮਾ ਨੇ ਕਿਹਾ ਕਿ ਇਸ ਸਬੰਧ ਵਿੱਚ ਪਹਿਲਾਂ ਹੀ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ ਹੈ ਅਤੇ ਐਸ.ਐਚ.ਓਜ਼ ਨੂੰ ਅਜਿਹੇ ਖਾਣ-ਪੀਣ ਵਾਲਿਆਂ 'ਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਵਿਸ਼ੇਸ਼ ਕਰੈਕ ਟੀਮਾਂ ਗਠਿਤ ਕਰਕੇ ਪਹਿਲਾਂ ਹੀ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਤੇਜ਼ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਦੇ ਵਿਕਾਸ ਅਤੇ ਤਰੱਕੀ ਦੇ ਹਿੱਤ ਵਿੱਚ ਨਸ਼ਿਆਂ ਵਿਰੁੱਧ ਇਸ ਲੜਾਈ ਵਿੱਚ ਪ੍ਰਸ਼ਾਸਨ ਦਾ ਹਰ ਵਰਗ ਨੂੰ ਸਾਥ ਦੇਣਾ ਜ਼ਰੂਰੀ ਹੈ।

# ਗੁਰੂ ਨਾਨਕ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ : ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕੁਦਰਤ ਦਾ ਖ਼ੂਬਸੂਰਤ ਵਰਣਨ ਮਾਨਵਤਾ ਲਈ ਪ੍ਰਤੀਕਾਤਮਿਕ ਸੰਦੇਸ਼ ਹੈ . ਗੁਰੂ ਜੀ ਨੇ ਮਾਨਵਤਾ ਦੇ ਸਿੱਧੇ ਰਸਤੇ ਪਾਉਣ ਲਈ, ਅਧਿਆਤਮਿਕਤਾ ਦੇ ਸੱਚੇ ਰਸਤੇ ਉਪਰ ਚੱਲਣ ਲਈ ਸ਼ਬਦਾਂ ਦੇ ਰੂਪ ਵਿਚ ਬਾਣੀ ਦੀ ਖੋਜ ਕੀਤੀ ਹੈ . ਕਵੀ ਬਾਬਾ ਨਾਨਕ ਨੇ ਆਪਣੀ ਕਵਿਤਾ ਵਿਚ (ਬਾਣੀ ਵਿਚ) ਅਨੇਕਾਂ ਹੀ ਛੋਟੀਆਂ ਵੱਡੀਆਂ ਬਹਿਰਾਂ (ਵਜ਼ਨ) ਦਾ ਪ੍ਰਯੋਗ ਕੀਤਾ ਹੈ . ਇਹ ਬਹਿਰਾਂ ਉਨ੍ਹਾਂ ਦੇ ਹਿਰਦੇ 'ਚੋਂ ਆਪਣੇ ਆਪ ਵਾਹਿਗੁਰੂ ਦੀ ਦਾਤ ਬਣਕੇ ਉਤਰੀਆਂ . ਕਵੀ ਬਾਬਾ ਨਾਨਕ ਨੇ ਧੁਰੋਂ ਉਤਰੀ ਬਾਣੀ ਨੂੰ ਆਪਣੇ ਸ਼ਬਦਾਂ ਵਿਚ ਪਿਰੋ ਕੇ ਮਾਨ-ਵਤਾ ਲਈ ਸੂਰਜਤਾ ਪੈਦਾ ਕੀਤੀ ਹੈ . ਆਪਣੀ ਬਾਣੀ ਵਿਚ ਗੁਰੂ ਜੀ ਨੇ ਏਨੀਆਂ ਬਹਿਰਾਂ ਦਾ ਪ੍ਰਯੋਗ ਕੀਤਾ ਹੈ, ਜਿਨ੍ਹਾਂ ਦਾ ਜ਼ਿਕਰ ਹੋਰ ਕਿਸੇ ਗ੍ਰੰਥ ਵਿਚ ਨਹੀਂ ਮਿਲਦਾ . ਉਨ੍ਹਾਂ ਜੋ ਕੁਝ ਅੱਖੀਂ ਵੇਖਿਆ ਉਸਨੂੰ ਆਪਣੀ ਅੱਖਰ ਜਨਨੀ ਵਿਚ ਪਿਰੋ ਕੇ ਖ਼ੂਬਸੂਰਤ ਐਨ ਢੁਕਦੇ ਬਿੰਬਾਂ, ਪ੍ਰਤੀਕਾਂ, ਰਾਹੀਂ ਸਮਾਜ ਅੱਗੇ ਪੇਸ਼ ਕੀਤਾ ਹੈ . ਮਗਰ ਅਤਿ ਮੁਸ਼ਕਿਲ ਅਤੇ ਆਸਾਨ ਬਹਿਰਾਂ ਦੀ ਜਾਣਕਾਰੀ ਲੈਣੀ ਹੋਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਪੜ੍ਹਿਆ, ਘੋਖਿਆ ਜਾਵੇ . ਕਵੀ ਬਾਬਾ ਨਾਨਕ ਨੇ ਆਪਣੀ ਬਾਣੀ ਵਿਚ ਕੁਦਰਤ ਅਤੇ ਸ੍ਰਿਸ਼ਟੀ ਦੇ ਕਣ-ਕਣ ਉਪਰ ਲਿਖਿਆ ਹੈ, ਪਰ ਅਸੀਂ ਇਥੇ ਸਿਰਫ਼ ਕਵੀ ਬਾਬਾ ਨਾਨਕ ਬਾਣੀ ਵਿਚ ਰੁੱਖ, ਮੌਸਮ, ਵਾਤਾਵਰਣ (ਕੁਦਰਤ) ਦੇ ਮਨਮੋਹਣੇ ਸੰਦੇਸ਼ਮਈ ਅਲੰਕਾਰਾਂ, ਪ੍ਰਤੀਕਾਂ, ਬਿੰਬਾਂ ਦਾ ਹੀ ਉਲੇਖ ਕੀਤਾ ਹੈ . ਜਿਸ ਖ਼ੂਬਸੂਰਤੀ ਅਤੇ ਅਧਿਆਤਮਿਕਤ ਸੱਚਖੰਡ ਦੀ ਸ਼ਕਤੀ ਨਾਲ ਬਾਣੀ ਲਿਖਕੇ ਮਾਨਵਤਾ ਨੂੰ ਜ਼ੀਂਦਗੀ ਦੇ ਸਹੀ ਅਰਥ ਸਮਝਾ ਦਿੱਤੇ ਹਨ .

ਗੁਰੂ ਜੀ ਆਖਦੇ ਹਨ, ''ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖਸਾਰੂ'' ਕੁਦਰਿਤ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ'' ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ'' ਕੁਦਰਤਿ ਖਾਣਾ ਪੀਣਾ ਪੈਨਣੁ ਕੁਦਰਤਿ ਸਰਬ ਪਿਆਰੁ . ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਆ ਜਹਾਨ'' ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ'' ਕੁਦਰਤਿ ਪਾਉਣ ਪਾਣੀ ਬੈਸੰਤਰ ਕੁਦਰਤਿ ਧਰਤੀ ਖਾਕੁ'' ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਦਾ ਪਾਕੀ ਨਾਈ ਪਾਕੁ'' ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕ''

ਭਾਵ ਕਿ ਜੀਵਾਂ ਦਾ ਵੇਖਣਾ, ਸੁਣਨਾ, ਵਾਹਿਗੁਰੂ ਦੇ ਡਰ ਅੰਦਰ ਰਹਿਣਾ, ਸੁਖ ਭੋਗਣੇ ਸਭ ਵਾਹਿਗੁਰੂ ਜੀ ਦੀ ਕੁਦਰਤ ਹੈ . ਪਾਤਾਲ, ਆਕਾਸ਼, ਸਾਰੇ ਆਕਾਰਾਂ ਦੀ ਸਿਰਜਣਾ ਵਾਹਿਗੁਰੂ ਜੀ ਦੀ ਕੁਦਰਤ ਹੈ . ਵੇਦ ਆਦਿ ਧਰਮਾਂ ਗ੍ਰੰਥਾਂ ਦੀ ਰਚਨਾ ਹੋਈ ਅਤੇ ਇਨ੍ਹਾਂ ਦੇ ਵੀਚਾਰਾਂ ਦਾ ਫੈਲਾਉ ਹੋਣਾ ਵਾਹਿਗੁਰੂ ਜੀ ਤੇਰੀ ਕੁਦਰਤ ਹੈ . ਜੀਵਾਂ ਦਾ ਖਾਣ ਪੀਣ, ਕਪੜੇ ਆਦਿ ਪਾਉਣ ਦੇ ਢੰਗ ਤਰੀਕੇ ਅਤੇ ਤਰ੍ਹਾਂ ਤਰ੍ਹਾਂ ਦੇ ਪ੍ਰੇਮ ਆਦਿ ਪਰਮਾਤਮਾ ਦੀ ਕੁਦਰਤ ਦਾ ਹਿੱਸਾ ਹਨ . ਅਨੇਕਾਂ ਜਾਤਾਂ, ਜਿਨਸਾਂ, ਰੰਗਾਂ ਅਨੁਸਾਰ ਜੀਵਾਂ ਦੀ ਸਿਰਜਣਾ, ਸੰਸਾਰ ਵਿਚ ਨੇਕੀਆਂ ਬਦੀਆਂ, ਅਨੇਕਾਂ ਮਾਨ-ਮਰਿਆਦਾ, ਅਨੇਕਾਂ ਤਰ੍ਹਾਂ ਦੇ ਹੰਕਾਰ, ਹਵਾ ਪਾਣੀ ਅੱਗ ਧਰਤੀ ਦੀ ਬਣਤਰ ਆਦਿ . ਹੇ ਵਾਹਿਗੁਰੂ ਜੀ! ਸਭ ਤੇਰੀ ਕੁਦਰਤ ਹੈ ਅਤੇ ਤੂੰ ਇਸ ਕੁਦਰਤ ਦਾ ਕਰਤਾ ਮਾਲਿਕ ਹੈ ਅਤੇ ਤੇਰੀ ਵਡਿਆਈ ਬੜੀ ਪਾਕ-ਪਵਿੱਤਰ ਹੈ . ਇਹ ਸਾਰਾ ਕੁਝ ਤੇਰੇ ਹੁਕਮ ਅੰਦਰ ਹੈ ਅਤੇ ਤੂੰ ਇਸ ਸਾਰੇ ਵਰਤਾਰੇ ਨੂੰ ਇਕੱਲਾ ਖ਼ੁਦ ਹੀ ਦੇਖ, ਸੰਭਾਲ ਕਰ ਰਿਹਾ ਹੈ .

ਸੰਦੇਸ਼ :- ਉਹ ਵਾਹਿਗੁਰੂ, ਪਰਮ-ਾਤਮਾ ਕਣ-ਕਣ ਵਿਚ ਬਿਰਾਜਮਾਨ ਹੈ ਅਤੇ ਕੁਦਰਤ ਦੀ ਸਾਰੀ ਹੋਂਦ ਉਸਦੀ ਕਿਰਪਾ ਸਦਕੇ ਹੀ ਹੈ . ਮਨੁੱਖ ਨੂੰ ਕੁਦਰਤ ਦੇ ਨਿਯਮਾਂ ਅਤੇ ਅਨੁਸ਼ਾਸਨ ਤੋਂ ਸਬਕ ਲੈਣਾ ਚਾਹੀਦਾ ਹੈ . ਕੁਦਰਤ ਦਾਨ ਕਰਦੀ ਹੈ, ਦਾਨ ਲੈਂਦੀ ਨਹੀਂ . ਆਕਾਸ਼, ਧਰਤੀ, ਪਾਣੀ, ਹਵਾ, ਅੱਗ ਆਦਿ ਮਨੁੱਖ ਨੂੰ ਦਾਨ ਕਰਦੇ ਹਨ . ਮਨੁੱਖ ਵੀ ਦੂਸਰਿਆਂ ਦੀ ਮਦਦ ਕਰੇ ਆਦਿ .

ਗੁਰੂ ਜੀ ਆਖਦੇ ਹਨ:- ''ਜਾ ਕੇ ਰੁਖ ਬਿਰਖ ਆਰਾਉ'' ਜੇਹੀ ਧਾਤੁ ਤੇਹਾ ਤਿਨ ਨਾਉ'' ਫੁਲੁ ਭਾਉ ਫਲੁ ਲਿਖਿਆ ਪਾਇ'' ਆਪਿ ਬੀਜਿ ਆਪੇ ਹੀ ਖਾਇ''

ਭਾਵ ਕਿ ਜਿਸ ਮਾਲੀ ਨੇ ਰੁੱਖ, ਦਰਖਤ, ਬੂਟੇ ਲਗਾਏ ਹੁੰਦੇ ਨੇ, ਉਹ ਹੀ ਉਨ੍ਹਾਂ ਨੂੰ ਸੰਵਾਰਦਾ ਹੈ ਅਤੇ ਜਿਸ ਤਰ੍ਹਾਂ ਦਾ ਬੂਟੇ ਦਾ ਜੀਵਨ ਹੁੰਦਾ ਹੈ, ਉਸੇ ਹਿਸਾਬ ਨਾਲ, ਉਹੋ ਜਿਹਾ ਉਸਦਾ ਨਾਂਅ ਪੈ ਜਾਂਦਾ ਹੈ . ਮਨੁੱਖ ਦੇ ਜੀਵਨ ਦੇ ਜਿਸ ਤਰ੍ਹਾਂ ਫੁੱਲ ਹੁੰਦੇ ਹਨ, ਉਸੇ ਹੀ ਹਿਸਾਬ ਨਾਲ ਉਸਦਾ ਫਲੱ ਪੈਂਦਾ ਹੈ . ਜੋ ਕਰਮ ਕਰੇ ਉਸੇ ਹਿਸਾਬ ਨਾਲ ਫਲ ਮਿਲੇਗਾ . ਮਨੁੱਖ ਜੋ ਬੀਜਦਾ ਹੈ ਉਸਦਾ ਹੀ ਫਲ ਉਸਨੂੰ ਖਾਣਾ ਪੈਂਦਾ ਹੈ .

ਸੰਦੇਸ਼:-ਮਨੁੱਖ ਨੂੰ ਚੰਗੇ-ਮਾੜੇ ਕਰਮਾਂ ਦੇ ਹਿਸਾਬ ਨਾਲ ਹੀ ਸਭ ਕੁਝ ਮਿਲਦਾ ਹੈ . ਆਦਮੀ ਜਿਸ ਤਰ੍ਹਾਂ ਦਾ ਕਰਮ ਕਰਦਾ ਹੈ, ਉਸਨੂੰ ਫਲ ਵੀ ਉਸੇ ਤਰ੍ਹਾਂ ਨਾਲ ਮਿਲਦਾ ਜਾਂਦਾ ਹੈ . ਮਨੁੱਖ ਨੇਕ ਕਰਮ ਕਰੇ .

ਗੁਰੂ ਜੀ ਕਹਿੰਦੇ ਹਨ:- ''ਸੁਇਨੇ ਕਾ ਬਿਰਖੁ ਪਤ ਪਰਵਾਲਾ ਫੁਲ ਜਵੇਹਰ ਲਾਲ'' ਤਿਤੁ ਫਲ ਰਤਨ ਲਗਹਿ ਮੁਖਿ ਭਾਖਿਤ ਹਿਰਦੈ ਰਿਦੈ ਨਿਹਾਲੁ'' ਨਾਨਕ ਕਰਮੁ ਹੋਵੈ ਮੁਖਿ ਮਸਤਕਿ ਲਿਖਿਆ ਹੋਵੈ ਲੇਖੁ'' ਅਠਿਸਿਠ ਤੀਰਥ ਗੁਰ ਕੀ ਚਰਣੀ ਪੂਜੈ ਸਦਾ ਵਿਸੇਖੁ''

ਭਾਵ ਕਿ ਗੁਰੂ ਇਕ ਸੋਨੇ ਦਾ ਰੁੱਖ ਹੈ, ਜਿਸਦੇ ਪੱਤੇ ਮੂੰਗੇ ਹਨ ਅਤੇ ਫੁੱਲ ਜਵਾਹਰ ਲਾਲ ਹਨ . ਅਮੋਲਕ ਬਚਨ ਫਲ ਹਨ, ਇਸ ਕਰਕੇ ਗੁਰੂ ਦੇ ਬਚਨਾਂ ਨੂੰ ਹੀ ਹਿਰਦੇ ਦੇ ਅੰਦਰ ਰੱਖ ਲੈ ਅਤੇ ਮੂੰਹ ਮੱਥੇ ਉਪਰ ਸ਼ੁੱਧ ਕਰਮ ਹੋਵੇ, ਤਾਂ ਗੁਰੂ ਦੇ ਚਰਨਾਂ ਨੂੰ ਹੀ 68 ਤੀਰਥ ਸਮਝ, ਵਿਸ਼ੇਸ ਜਾਣ .

ਸੰਦੇਸ਼:- ਤੀਰਥਾਂ ਆਦਿ 'ਤੇ ਜਾਣ ਨਾਲੋਂ ਚੰਗਾ ਹੈ, ਕਿ ਗੁਰੂ ਦੇ ਚਰਨਾਂ ਨੂੰ ਹੀ ਸਭ ਕੁਝ ਸਮਝ . ਗੁਰੂ ਦੀ ਭਗਤੀ ਨਾਲ, ਵਾਹਿਗੁਰੂ ਦੀ ਸਾਧਨਾ ਨਾਲ ਜੁੜਣ ਵਾਲੇ ਮਨੁੱਖ ਹੀ ਸੱਚਾ ਮਾਰਗ ਲਭਦੇ ਹਨ . ਭਟਕਣਾ ਮਨੁੱਖ ਲਈ ਗਿਰਾਵਟ ਹੈ . ਗੁਰੂ ਸਾਹਿਬ ਨੇ ਗੁਰੂ ਨੂੰ ਰੱਖਾਂ ਵਾਂਗ ਕੁਦਰਤ ਦੀ ਕਿਰਪਾ ਵਾਂਗ ਦੱਸਿਆ ਹੈ . ਮਨੁੱਖ ਵਹਿਮਾਂ ਭਰਮਾਂ ਵਿਚ ਨਾ ਪਵੇ ਆਦਿ .

ਕਵੀ ਗੁਰੂ ਨਾਨਕ ਕਹਿੰਦੇ ਹਨ:- '' ਗਾਵਿਨ ਤੁਧਨੋ ਪਵਣੁ ਪਾਣੀ ਬੈਸੰਤਰੁ ਗਾਵੈ ਰਾਜਾ ਧਰਮੁ ਦੁਆਰੇ .''

ਭਾਵ ਕਿ ਪਰਮਾਤਮਾ ਦੀ ਉਸਤਤ ਤਾਂ ਹਵਾ ਪਾਣੀ ਅੱਗ ਵੀ ਗਾਉਂਦੇ ਹਨ, ਰਾਜੇ ਮਹਾਂਰਾਜੇ ਅਤੇ ਧਰਮ ਸਥਾਨਾਂ 'ਤੇ ਵੀ ਉਸਦੀ ਮਹਿਮਾ ਹੈ .

ਸੰਦੇਸ਼:-ਮਨੁੱਖ ਨੂੰ ਵੀ ਕੁਦਰਤ ਦੀ ਉਸਤਤ ਕਰਦੀ ਚਾਹੀਦੀ ਹੈ, ਉਸਦੀ ਮਰਿਆਦਾ ਵਿਚ ਰਹੇ, ਉਸਦਾ ਨਾਮ ਜਪੇ ਜਿਸਨੇ ਸਾਰੀ ਸ੍ਰਿਸ਼ਟੀ ਥਾਪੀ ਹੈ .

ਗੁਰੂ ਜੀ ਕਹਿੰਦੇ ਹਨ:- ''ਤੁਧੁ ਆਪੇ ਸ੍ਰਿਸ਼ਟਿ ਸਭ ਉਪਾਈ ਜੀ ਤਧੁ ਆਪੇ ਸਿਰਜਿ ਸਭ ਗੋਈ'' ਜਨੁ ਨਾਨਕੁ ਗੁਣ ਗਾਵੈ ਕਰਤੇ ਕੇ ਜੀ ਜੋ ਸਭਸੈ ਕਾ ਜਾਣੋਈ''

ਭਾਵ ਕਿ ਉਹ ਵਾਹਿਗੁਰੂ (ਪਰਮ-ਾਤਮਾ) ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ ਅਤੇ ਪਾਲਣਹਾਰ ਹੈ, ਜੋ ਪਰਮਾਤਮਾ ਦੇ ਗੁਣ ਗਾਉਂਦਾ ਹੈ, ਜਿਸਨੇ ਸਭ ਨੂੰ ਜਨਮ ਦਿੱਤਾ ਹੈ . ਸਭ ਨੂੰ ਉਸਦਾ ਹੀ ਆਸਾਰਾ ਹੈ . ਨਾਨਕ ਦਾਸ ਵੀ ਉਸ ਕਰਤੇ ਦੇ ਗੁਣ ਗਾਉਂਦਾ ਹੈ ਜੋ ਸਾਰਿਆਂ ਦੀ ਗੱਲ ਜਾਣਦਾ ਹੈ .

ਸੰਦੇਸ਼:- ਜਿਸ ਪਰਮਾਤਮਾ ਨੇ ਸਾਰੀ ਸ੍ਰਿਸ਼ਟੀ ਰਚੀ ਹੈ . ਸਭ ਦਾ ਪਾਲਣ-ਹਾਰ ਹੈ, ਉਸਨੂੰ ਮਨੁੱਖ ਸਦਾ ਯਾਦ ਰੱਖੇ ਅਤੇ ਉਸਦੇ ਨਾਮ ਵਿਚ ਸਧਾ ਲੀਨ ਰਵੇ, ਤਾਂ ਹੀ ਮਨੁੱਖ ਦਾ ਜਨਮ ਸਫ਼ਲ ਹੋ ਸਕਦਾ ਹੈ .

ਗੁਰੂ ਜੀ ਕਹਿੰਦੇ ਹਨ:-''ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ਤਾਂ ਵਾਪਾਰੀ ਜਾਣੀਅਹੁ ਲਾਹਾ ਲੈਜਾਵਹੁ''

ਭਾਵ ਕਿ ਧਰਮ ਨੂੰ ਧਰਤੀ ਦੀ ਤਰ੍ਹਾਂ ਬਣਾਓ, ਸੱਚਾਈ ਨੂੰ ਬੀਜ ਦੀ ਤਰ੍ਹਾਂ ਬਣਾਕੇ ਇਸ ਤਰ੍ਹਾਂ ਦੀ ਖੇਤੀ ਕਰੋ ਤਾਂ ਉਸ ਪ੍ਰਭੂ ਦੇ ਨਾਮ ਨੂੰ ਸਮਝ ਜਾਉਗੇ .

ਸੰਦੇਸ਼:-ਮਨੁੱਖ ਨੂੰ ਖ਼ੂਬਸੂਰਤ ਪ੍ਰਤੀਕਾਂ ਨਾਲ ਸਮਝਾਇਆ ਗਿਆ ਹੈ, ਕਿ ਧਰਤੀ ਵਰਗਾ ਧਰਮ ਹੋਵੇ, ਧਰਮ ਦਾਨੀ ਹੋਵੇ, ਨਿਸ ਸਵਾਰਥ ਹੋਵੇ, ਬਸ ਦੇਵੇ ਹੀ ਦੇਵੇ, ਲਵੇ ਕੁਝ ਨਾ, ਸੱਚ ਵਰਗਾ ਧਰਮ ਹੋਵੇ, ਧਰਤੀ ਵਾਂਗ ਇਸਦੀ ਪੂਜਾ ਹੋਵੇ . ਧਰਤੀ ਵਰਗੀ ਸ਼ਹਿਨਸ਼ਕਤੀ ਹੋਵੇ . ਸੱਚਾਈ ਨੂੰ ਬੀਜ ਦੀ ਤਰ੍ਹਾਂ ਸਮਝ, ਜਿਸ ਤਰ੍ਹਾਂ ਬੀਜ ਧਰਤੀ 'ਚੋਂ ਉਗ ਕੇ ਹਰਿਆਵਲ ਦਿੰਦਾ ਹੈ, ਮਨੁੱਖ ਤੂੰ ਵੀ ਇੰਝ ਦਾ ਬਣ . ਇਸ ਤਰ੍ਹਾਂ ਦੀ ਕਰਮਰੂਪੀ ਖੇਤੀ ਕਰ, ਤਾਂ ਜੋ ਤੇਰਾ ਕਰਮ ਸ਼ੁੱਧ-ਸੁਖਦਾਇਕ ਹੋਵੇ .

''ਏਕੋ ਅੰਮ੍ਰਿ ਬਿਰਖੁ ਹੈ ਫਲੁ ਅੰਮ੍ਰਿ ਹੋਈ'' ਅੰਮ੍ਰਿ ਫਲੁ ਜਿਨੀ ਚਾਖਿਆ ਸਚਿ ਰਹੇ ਅਘਾਈ .''

ਭਾਵ ਕਿ ਅੰਮ੍ਰਿ ਦਾ ਰੁੱਖ ਇਕ ਹੀ ਹੈ, ਜਿਸਦਾ ਫਲ ਵੀ ਅੰਮ੍ਰਿ ਵਰਗਾ ਹੈ . ਜੋ ਸੱਚ ਨਾਲ ਰੱਜ ਗਏ ਹਨ, ਜਿਨ੍ਹਾਂ ਅੰਮ੍ਰਿ ਫਲ ਦਾ ਸਵਾਦ ਚੱਖਿਆ ਹੈ, ਉਨ੍ਹਾਂ ਨੂੰ ਅਗਿਆਨ ਨਹੀਂ, ਨਾ ਹੀ ਕਿਸੇ ਨਾਲ ਮਤਭੇਦ ਜਾਂ ਫਰਕ ਹੈ, ਪਰਮਾਤਮਾ ਨਾਲ ਰਸਨਾ ਰੰਗੀ ਗਈ ਹੈ . ਭਾਵ ਕਿ ਜੋ ਮਨੁੱਖ ਉਸਦੇ ਸੱਚੇ ਨਾਮ ਨਾਲ ਜੁੜ ਜਾਂਦੇ ਹਨ, ਉਨ੍ਹਾਂ ਵਿਚ ਛੋਟਾ-ਵੱਡਾ, ਉਚਾ-ਨੀਵਾਂ ਕੁਝ ਨਈ ਰਹਿ ਜਾਂਦਾ, ਉਹ ਮਨੁੱਖ ਉਸ ਹਰੀ ਦੇ ਨਾਮ ਵਿਚ ਰੰਗੇ ਜਾਂਦੇ ਹਨ .

ਸੰਦੇਸ਼:-ਜੋ ਸਾਧਕ, ਜੋ ਮਨੁੱਖ ਉਸ ਪ੍ਰਭੂ ਨਾਲ ਇਕਮਿਕ ਹੋ ਜਾਂਦੇ ਹਨ, ਉਹ ਧੰਨ ਪੁਰਸ਼ ਹਨ . ਉਨ੍ਹਾਂ ਨੂੰ ਕਿਸੇ ਵਿਚ ਕੋਈ ਫਰਕ ਨਜ਼ਰ ਨਹੀਂ ਆਉਂਦਾ . ਸਭ ਬਰਾਬਰ ਨਜ਼ਰ ਆਉਂਦੇ ਹਨ . ਮਨੁੱਖ ਨੂੰ ਸੱਚ ਦੇ ਰਸਤੇ ਚਲ ਕੇ ਮਾਨਵਤਾ ਨੂੰ ਪਿਆਰ ਕਰਨਾ ਚਾਹੀਦਾ ਹੈ ਆਦਿ .

''ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ'' ਓਇ ਜਿ ਆਵਹਿ ਆਸ ਕਰ ਜਾਹਿ ਨਿਰਾਸੇ ਕਿਤੁ'' ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ'' ਮਿਠਤੁ ਨੀਵੀ ਨਾਨਕਾ ਗੁਰਣ ਚੰਗਿਆਈਆ ਤਤੁ''

ਭਾਵ ਕਿ ਗੁਰੂ ਸਾਹਿਬ ਨੇ ਕਿੰਨੀ ਖ਼ੂਬਸੂਰਤ ਤਸਬੀਹ ਨਾਲ ਮਨੁੱਖ ਨੂੰ ਸਮਝਾਇਆ ਹੈ . ਸਿੰਮਲ ਦਾ ਰੁੱਖ ਸਿੱਧਾ ਲੰਬਾ ਅਤੇ ਗੁਛੇਦਾਰ ਹੁੰਦਾ ਹੈ . ਇਸ ਉਪਰ ਜੇਕਰ ਕੋਈ ਆਸ ਕਰਕੇ ਆਵੇ, ਤਾਂ ਉਹ ਨਿਰਾਸ਼ ਹੋ ਕੇ ਜਾਂਦਾ ਹੈ, ਕਿਉਂਕਿ ਇਸਦੇ ਫਲ ਫਿੱਕੇ ਅਤੇ ਫੁੱਲ ਬਕਬਕੇ ਹੁੰਦੇ ਹਨ ਅਤੇ ਪੱਤੇ ਕਿਸੇ ਵੀ ਕੰਮ ਨਹੀਂ ਆਉਂਦੇ .

ਸੰਦੇਸ਼:-ਭਾਵ ਕਿ ਕਦ-ਕਾਠ ਦੇ ਉਚੇ ਵਿਅਕਤੀ ਕੋਲ ਜੇ ਗੁਣ ਨਹੀਂ, ਉਹ ਕਿਸੇ ਦੇ ਕੰਮ ਨਹੀਂ ਆਉਂਦਾ, ਤਾ ਉਹ ਬੇਕਾਰ ਹੈ . ਸਮਾਜ ਵਿਚ ਉਸਦੀ ਕੋਈ ਕਦਰ ਨਹੀਂ . ਜਿਸਦਾ ਸੁੱਖ ਕੋਈ ਨਹੀਂ, ਉਹ ਵਿਅਕਤੀ ਵੀ ਕੀ ਏ? ਨੀਵੀਂ ਚੀਜ਼ ਮਿੱਠੀ ਹੈ, ਤਾਂ ਉਸ ਵਿਚ ਚੰਗਿਆਈ ਦੇ ਤੱਤ ਹੁੰਦੇ ਹਨ . ਨੀਵੇਂ (ਨਿਮਰਤਾ) ਅਤੇ ਗੁਣਾਂ ਵਾਲੇ ਇਨਸਾਨ ਵਿਚ ਚੰਗਿਆਈ ਦੇ ਸਾਰੇ ਤੱਤ ਹੁੰਦੇ ਹਨ ਆਦਿ .

''ਗਗਨ ਮੈ ਥਾਲੁ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ . .''

ਭਾਵ ਕਿ ਅਸਮਾਨ ਰੂਪੀ ਥਾਲ ਹੈ ਜਿਸ ਵਿਚ ਸੂਰਜ ਚੰਨ ਦੀਵੇ ਧਰੇ ਹੋਏ ਹਨ ਅਤੇ ਤਾਰਿਆਂ ਦਾ ਸਮੂਹ ਮੋਤੀ ਹਨ . ਗੁਰੂ ਨਾਨਕ ਦੇਵ ਜੀ ਨੇ ਕੁਦਰਤ ਦਾ ਸੁਹਣਾ ਚਿਤਰਨ ਆਰਤੀ ਦੇ ਰੂਪ ਵਿਚ ਕੀਤਾ ਹੈ . ਇਸ ਆਰਤੀ ਵਿਚ ਏਨੇ ਸ਼ਕਤੀਸ਼ਾਲੀ ਸ਼ਬਦ ਹਨ, ਜਿਸ ਨਾਲ ਵਾਤਾਵਰਣ ਅਤੇ ਮਾਨਵ ਦਾ ਹਿਰਦਾ ਸ਼ਾਂਤਮਈ ਅਤੇ ਅਧਿਆਤਮਿਕ ਹੋ ਜਾਂਦਾ ਹੈ, ਕੁਦਰਤ ਨਾਲ ਓਤ-ਪ੍ਰੋਤ ਹੋ ਜਾਂਦਾ ਹੈ .

ਸੰਦੇਸ਼:- ਇਸ ਆਰਤੀ ਨਾਲ ਮਾਨਵਤਾ ਅਤੇ ਵਾਤਾਵਰਣ ਸ਼ੁੱਧ ਹੁੰਦੇ ਹਨ . ਇਸ ਵਿਚ ਬੈਠੇ ਸ਼ਕਤੀਸ਼ਾਲੀ ਸ਼ਬਦ ਹਨ, ਉਨ੍ਹਾਂ ਦੀ ਖੁਸ਼ਬੂ ਨਾਲ, ਉਨ੍ਹਾਂ ਦੇ ਉਚਾਰਣ ਨਾਲ ਸਭ ਕੁਝ ਸ਼ੁੱਧ ਹੋ ਜਾਂਦਾ ਹੈ . ਮਨੁੱਖ ਨੂੰ ਕੁਦਰਤ ਵਾਂਗੂ ਵਿਚਰਨਾ ਚਾਹੀਦਾ ਹੈ .

''ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ'' ਸੋ ਫਲ ਕੰਮਿ ਨਾ ਆਵਨੀ ਤੇ ਗੁਣ ਮੈ ਤਨਿ-ਹੰਨਿ''

ਭਾਵ ਕਿ ਮੇਰਾ (ਮਨੁੱਖ ਦਾ) ਸਰੀਰ ਸਿੰਮਲ ਦੇ ਰੁੱਖ ਵਰਗਾ ਹੈ, ਜਿਸਦੇ ਫਲ ਕਿਸੇ ਦੇ ਵੀ ਕੰਮ ਨਹੀਂ ਆਉਂਦੇ . ਮੈਨੂੰ ਵੇਖਕੇ ਲੋਕ ਭੁੱਲ ਜਾਂਦੇ ਹਨ, ਉਹੋ ਜਹੇ ਗੁਣ ਮੇਰੇ ਸਰੀਰ ਵਿਚ ਹਨ .

ਸੰਦੇਸ਼:-ਸਿੰਮਲ ਦਾ ਰੁੱਖ ਸੂਹੇ ਲਾਲ ਫੁੱਲਾਂ ਨਾਲ ਭਰਪੂਰ ਹੁੰਦਾ ਹੋਇਆ ਵੀ ਖੁਸ਼ਬੂ ਰਹਿਤ ਹੁੰਦਾ ਹੈ, ਜਿਸਦਾ ਕੋਈ ਸੁੱਖ ਨਹੀਂ ਹੁੰਦਾ . ਸਿੰਮਲ ਰੁੱਖ ਦੇ ਫੁੱਲਾਂ ਦੀ ਖ਼ੂਬਸੂਰਤੀ ਤੇ ਉਚਾਈ ਵੇਖ ਕੇ ਉਸ ਉਪਰ ਪੰਛੀ (ਤੋਤੇ) ਬੈਠਦੇ ਹਨ ਪਰ ਹਾਸਿਲ ਕੁਝ ਨਹੀਂ ਹੁੰਦਾ . ਆਦਮੀ ਆਪਣੇ ਹਰੀ ਨਾਮ ਨੂੰ ਲੋਕਾਂ ਤਕ ਵੰਡੇ, ਭਲਾਈ ਦੇ ਕਾਰਜ ਕਰੇ ਆਦਿ ਤਾਂ ਹੀ ਮਨੁੱਖ ਦਾ ਸੱਚਾ ਜੀਵਨ ਹੈ .

''ਪਉਣ ਪਾਣੀ ਅਗਨੀ ਬਿਸਰਾਊ'' ਤਹੀ ਨਿਰੰਜਨੁ ਸਾਚੋ ਨਾਊ''

ਭਾਵ ਕਿ ਹਵਾ ਪਾਣੀ ਅੱਗ ਵਰਗੀਆਂ ਚੀਜ਼ਾਂ ਨੂੰ ਵਿਸਾਰ ਦਿਓ . (ਭਟਕਣ ਨੂੰ ਵਿਸਾਰ ਦਿਓ), ਤਾਂ ਉਥੇ ਹੀ ਹਰੀ ਦਾ ਸੱਚਾ ਨਾਮ ਵੱਸਦਾ ਹੈ .

ਸੰਦੇਸ਼:-ਮਨੁੱਖ ਆਪਣੀਆਂ ਇਛਾਵਾਂ ਨੂੰ ਕਾਬੂ ਵਿਚ ਰੱਖੇ, ਤਾਂ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ . ਕ੍ਰਿਤ ਨੂੰ ਛੱਡ ਕਰਤੇ ਯਾਦ ਰੱਖ .

''ਫਲੋਹਰ ਕੀਏ ਫੁਲ ਜਾਇ'' ਰਸ ਕਸ ਖਾਏ ਸਾਦੁ ਗਵਾਇ''

ਭਾਵ ਕਿ ਕਈ ਨਿਰੇ ਫਲ ਹੀ ਖਾਂਦੇ ਹਨ, ਪਰ ਇਸ ਵਰਤ ਦਾ ਫਲ ਨਹੀਂ ਮਿਲਦਾ . ਕਈ ਰਸਦਾਰ ਚੀਜ਼ਾਂ, ਸਵਾਦੀ ਚੀਜ਼ਾਂ ਖਾਂਦੇ ਹਨ, ਪਰ ਫਿਰ ਵੀ ਆਪਣਾ ਸਵਾਦ ਗੁਆ ਲੈਂਦੇ ਹਨ .

ਸੰਦੇਸ਼:- ਹਰੀ ਪ੍ਰਭੂ ਦਾ ਨਾਮ ਲੈਣ ਵਾਲੇ ਮਹਾਂ ਪੁਰਸ਼ਾਂ ਨੂੰ ਸਵਾਦਾਂ ਦਾ ਸ਼ੌਂਕ ਨਹੀਂ ਹੁੰਦਾ . ਉਹ ਤਾਂ ਹਰੀ ਦੇ ਨਾਮ ਵਿਚ ਚੰਗੇ ਰਹਿੰਦੇ ਹਨ . ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ . ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ . ਸਵਾਦਾਂ ਤੋਂ ਉਪਰ ਸਰਵੋਤਮ ਸਵਾਦ ਹੈ ਹਰੀ ਸਿਮਰਨ . ਮਨੁੱਖ ਨੂੰ ਹਰੀ ਦੇ ਨਾਮ ਵਿਚ ਰੰਗੇ ਰਹਿਣਾ ਚਾਹੀਦਾ ਹੈ . ਸਵਾਦਾਂ ਤੋਂ ਉਪਰ ਉਠਕੇ ਚੰਗੇ ਕਰਮ ਕਰ ਮਨੁੱਖ ਆਦਿ .

''ਤੇਰਸਿ ਤਰਵਰ ਸਮੁਦ ਕਨਾਰੈ'' ਅੰਮ੍ਰਿ ਮੂਲੁ ਸਿਖਰਿ ਲਿਵ ਤਾਰੇ''

ਭਾਵ ਕਿ ਮਨੁੱਖ ਦੀ ਜ਼ੀਂਦਗੀ ਸਮੁੰਦਰ ਦੇ ਕੰਢੇ ਉਤੇ ਰੁੱਖ ਦੀ ਤਰ੍ਹਾਂ ਹੈ (ਜੋ ਛੇਤੀ ਹੀ ਉਖੜ ਕੇ ਪਾਣੀ ਵਿਚ ਡਿਗ ਪਵੇਗਾ), ਪਰ ਉਸ ਦੀ ਜੜ੍ਹ ਅਮਰ ਹੋ ਸਕਦੀ ਹੈ ਉਸ ਦੀ ਚੋਟੀ ਲਿਵ ਦੀ ਤਾਰ ਨਾਲ ਬੱਧੀ ਰਹੇ . (ਇਹ ਸੁੰਦਰ ਪ੍ਰਤੀਕ ਦੱਸਦੇ ਹਨ)

ਸੰਦੇਸ਼:-ਇਹ ਸੁੰਦਰ ਪ੍ਰਤੀਕ ਦੱਸਦੇ ਹਨ, ਕਿ ਮਨੁੱਖ ਜੇ ਪ੍ਰਭੂ ਨਾਲ ਜੁੜਿਆ ਰਵੇ, ਤਾਂ ਉਸਦੀ ਜ਼ੀਂਦਗੀ ਸੰਵਰ ਜਾਂਦੀ ਹੈ . ਮਨੁੱਖ ਦੀ ਜ਼ੀਂਦਗੀ ਤਾਂ ਸਾਗਰ ਕੰਢੇ ਰੁੱਖ ਵਾਂਗੂ ਹੈ, ਕੱਦ ਨੇਰ੍ਹੀ, ਤੂਫ਼ਾਨ, ਝੱਖੜ (ਦੁੱਖਾਂ-ਤਕਲੀਫ਼ਾਂ ਨਾਲ ਡਿੱਗ ਜਾਵੇ) ਇਸ ਦੇ ਲਈ ਸਦਾ ਹਰੀ ਨੂੰ ਯਾਦ ਰੱਖੋ, ਮਾਨ-ਵਤਾ ਦੇ ਕੰਮ ਆਵੇ .

''ਪਾਣੀ ਪ੍ਰਾਨ ਪਵਣਿ ਬੰਧਿ ਰਾਖੇ ਚੰਦੁ ਸੂਰਜੁ ਮੁਖਿ ਦੀਏ . ਮਰਣ-ਜੀਵਨ ਕਉ ਧਰਤੀ ਦੀਨੀ ਏਤੇ ਗੁਣ ਵਿਸਰੇ''

ਭਾਵ ਕਿ ਪ੍ਰਾਣਾਂ ਨੂੰ ਹਵਾ ਪਾਣੀ ਆਦਿ ਨਾਲ ਬੰਨ੍ਹ ਰੱਖਿਆ ਹੈ, ਚੰਨ ਅਤੇ ਸੂਰਜ ਦੋ ਵੱਡੇ ਦੀਵੇ ਦਿੱਤੇ ਹਨ . ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਮਰਣ-ਜੀਵਨ ਜੁੜਿਆ ਹੋਇਆ ਹੈ .

ਸੰਦੇਸ਼:-ਮਨੁੱਖ ਦੀ ਜ਼ੀਂਦਗੀ ਦੀ ਸਾਰੀ ਕਾਰਗੁਜ਼ਾਰੀ ਹਵਾ, ਪਾਣੀ ਚੰਨ, ਸੂਰਜ ਦੇ ਨਾਲ ਹੈ . ਧਰਤੀ ਦੇ ਬਹੁਤ ਉਪਕਾਰ ਹਨ, ਜਿਸ ਨਾਲ ਜੀਵਨ-ਮਰਨ ਜੁੜਿਆ ਹੋਇਆ ਹੈ . ਮਨੁੱਖ ਨੂੰ ਪਾਣੀ, ਚੰਨ, ਸੂਰਜ, ਹਵਾ, ਧਰਤੀ ਨੂੰ ਨਮਸਕਾਰ ਕਰਨਾ ਚਾਹੀਦਾ, ਜਿਸਦੀ ਬਦੌਲਤ ਉਹ ਹੈ . ਉਸ ਪ੍ਰਭੂ ਦੀ ਬਦੌਲਤ ਜੀਵਨ ਹੈ, ਜਿਸਨੂੰ ਸ਼ੁਭ ਅਮਲਾਂ, ਚੰਗੇ ਕਰਮਾਂ ਨਾਲ ਗੁਜ਼ਾਰਿਆ ਜਾਵੇ .

''ਬਰਸੈ ਅੰਮ੍ਰਿ ਧਾਰ ਬੂੰਦ ਸੁਹਾਵਣੀ'' ਸਾਜਣ ਮਿਲੇ ਸਹਜਿ ਸੁਭਾਇ ਹਰਿ ਸਿਉ ਪ੍ਰੀਤਿ ਬਣੀ .''

ਭਾਵ ਕਿ ਧੁਰ ਅੰਦਰ ਠੰਡ ਵਰਤ ਗਈ ਹੈ, ਗੁਰਬਾਣੀ ਰੂਪ ਅੰਮ੍ਰਿ ਦੇ ਵੱਸਣ ਨਾਲ . ਬੂੰਦ ਸੁਹਾਵਣੀ ਪੈਣ ਨਾਲ ਠੰਡ ਪੈ ਗਈ ਹੈ . ਹਰੀ ਨਾਲ ਇਸ ਤਰ੍ਹਾਂ ਮਿਲਾਪ ਹੈ ਜਿਸ ਤਰ੍ਹਾ ਸਾਜਣ ਦੇ ਮਿਲਣ ਵਾਂਗ, ਜਿਸਦੀ ਬਾਣੀ ਨਾਲ ਪ੍ਰੀਤ ਹੈ, ਉਹ ਹੀ ਉਸਦੀ ਪ੍ਰਾਪਤੀ ਪਾਉਂਦਾ ਹੈ .

ਸੰਦੇਸ਼:- ਕਵੀ ਗੁਰੂ ਨਾਨਕ ਨੇ ਬਹੁਤ ਹੀ ਸੁੰਦਰ ਕੁਦਰਤੀ ਪ੍ਰਤੀਕ ਲੈ ਕੇ ਮਨੁੱਖ ਨੂੰ ਸਮਝਾਇਆ ਹੈ, ਕਿ ਜਿਸ ਤਰ੍ਹਾਂ ਸੁਹਾਵਣੀ ਬੂੰਦ ਠੰਡ ਪਾ ਦਿੰਦੀ ਹੈ, ਹਰੀ ਦਾ ਨਾਮ ਵੀ ਇਵੇਂ ਹਿਰਦੇ ਵਿਚ ਠੰਡ ਪਾ ਦੇਂਦਾ ਹੈ . ਜਿਸ ਤਰ੍ਹਾਂ ਸੱਜਣ ਦੇ ਮਿਲਣ ਨਾਲ ਸੱਚੀ ਪ੍ਰੀਤ ਹੁੰਦੀ ਹੈ, ਇਵੇਂ ਹਰੀ ਦੇ ਦਰਸ਼ਨਾਂ ਨਾਲ ਮਨੁੱਖ ਦੀ ਅਧਿਆਤਮਿਕ ਤ੍ਰਿਪਤੀ ਹੁੰਦੀ ਹੈ . ਮਨੁੱਖ ਨੂੰ ਉਸ ਪ੍ਰਭੂ ਦੇ ਨਾਮ ਨਾਲ ਸੱਚਾ ਲਗਾਓ ਹੋਣਾ ਚਾਹੀਦਾ ਹੈ .

''ਉਨ ਵਿਘਨ ਛਾਏ ਬਰਸੁ ਸੁਭਾਏ ਮਨਿ-ਤਨਿ ਪ੍ਰੇਮੁ ਸੁਖਾਵੈ . ਨਾਨਕ ਵਰਸੈ ਅੰਮ੍ਰਿ ਬਾਣੀ ਕਰਿ ਕਿਰਪਾ ਘਰਿ ਆਵੈ''

ਭਾਵ ਕਿ ਝੁਝ-ਝੁਕ ਕੇ ਬੱਦਲ ਛਾਏ ਹਨ, ਵਰਖਾ ਸ਼ੋਭਮਾਨ ਹੋਈ ਹੈ ਅਤੇ ਮਨ ਤਨ ਪ੍ਰੇਮ ਸੁਖਾਂਦਾ ਹੈ . ਕਿਰਪਾ ਹੋਣ 'ਤੇ ਉਹ ਹਰੀ ਮਨ ਵਿਚ ਆ ਜਾਂਦਾ ਹੈ .

ਸੰਦੇਸ਼:- ਚਾਰੇ ਪਾਸੇ ਬੱਦਲ ਛਾਏ ਹੋਏ ਹਨ, ਇਵੇਂ ਹਰੀ ਹਿਰਦੇ ਵਿਚ ਬਰਸਦਾ ਹੈ . ਉਸਦੇ ਨਾਮ ਨਾਲ ਠੰਡ ਵਰਤ ਜਾਂਦੀ ਹੈ, ਮਨ ਵਿਚ ਸਕੂਨ ਉਤਪਨ ਹੋ ਜਾਂਦਾ ਹੈ .

''ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ'' ਪਿਰ ਘਰਿ ਨਹੀਂ ਆਵੈ ਘਨ ਕਿਉ ਸੁਖੁ ਪੈ ਬਿਰਹਿ ਬਿਰੋਧ ਤਨੁ ਛੀਜੈ'' ਕੋ ਦਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ . . ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ''

ਭਾਵ ਕਿ ਬਾਹਰ ਦੇ ਇਲਾਕੇ ਵਿਚ ਜੰਗਲ ਫੁੱਲ ਪਵੇ, ਜੇ ਮੇਰੇ ਘਰ ਪਤੀ ਵਾਪਸ ਆਏ; ਜਿਸ ਤਰ੍ਹਾਂ ਮਾਰੂਥਲ ਵਿਚ, ਉਜਾੜ ਵਿਚ ਜੰਗਲ ਹਰਿਆ-ਭਰਿਆ ਹੋ ਜਾਂਦਾ ਹੈ, ਤਾਂ ਬਹਾਰਾਂ ਹੀ ਬਹਾਰਾਂ ਆ ਜਾਂਦੀਆਂ ਹਨ, ਤਿਵੇਂ ਪਤੀ ਦੇ ਘਰ ਪੈਰੁ ਪਾਉਣ ਨਾਲ ਘਰ ਵਿਚ ਖੁਸ਼ੀਆਂ ਹੀ ਖੁਸ਼ੀਆਂ ਆ ਜਾਂਦੀਆਂ ਹਨ . ਵਿਛੋੜੇ ਕਰਕੇ ਸਰੀਰ ਟੁੱਟ ਰਿਹਾ ਹੈ, ਕਿਵੇਂ ਦੁੱਖ ਨੂੰ ਦਿਲ ਅੰਦਰ ਸਹਾਰਾ . ਅੰਬਾਂ ਉਤੇ ਕੋਇਲ ਸੁਹਾਣੇਂ ਬੋਲ-ਕੂਕਦੀ ਹੈ . ਹੇ ਮਾਈ! ਮੈਂ ਕਿਵੇਂ ਜੀਵਾਂ, ਭੌਰਾ ਫੁੱਲਾਂ ਲੱਦੀ ਟਹਿਣੀ ਉਤੇ ਘੁੰਮ ਰਿਹਾ ਹੈ . ਬਸੰਤੀ ਦੀ ਖੁਸ਼ੀ ਦਾ ਸੁੰਦਰ ਦ੍ਰਿਸ਼ ਵਰਣਨ ਹੈ .

ਸੰਦੇਸ਼:- ਮਨਮੋਹਣੇ ਪ੍ਰਤੀਕਾਂ ਦੇ ਨਾਲ ਕਵੀ ਗੁਰੂ ਸਮਝਾਂਦੇ ਹਨ ਮਨੁੱਖ ਨੂੰ ਪ੍ਰਭੂ ਨਾਲ ਜੋੜਣ ਦੀ ਵਿਧੀ ਦੱਸਦੇ ਹਨ . ਪ੍ਰਭੂ ਦੇ ਮੇਲ ਨਾਲ ਹਿਰਦੇ ਦੇ ਜੰਗਲ ਹਰੇ ਭਰੇ ਹੋ ਜਾਂਦੇ ਹਨ . ਉਸਦੇ ਮਿਲਣਨਾਲ ਤ੍ਰਿਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਹਨ . ਪ੍ਰਭੂ ਦੇ ਨਾਮ ਵਿਚ ਅਥਾਹ ਸ਼ਕਤੀ ਹੈ .

''ਭਾਦਉ ਭਰਮਿ ਭੁਲੀ ਭਰਿ ਜੋਬਨ ਪਛੁਤਾਣੀ . . ਜਲ-ਥਲ ਨੀਰਿ ਭਰੇ ਬਰਸ ਰੁਤੇ ਰੰਗ ਮਾਣੀ'' ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ'' ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਤਸੰਤੇ'' ਮਛਰ ਡੰਗ ਸਾਇਰ ਭਰ ਸੁਤਰ ਬਿਨੁ ਹਰਿ ਕਿਉ ਸੁਖੁ ਪਾਈਐ'' ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ''

ਭਾਵ ਕਿ ਭਾਦਰੋਂ ਮਾਹ ਵਿਚ ਬੱਦਲ ਧੜਾ-ਧੜ ਆਉਂਦੇ ਹਨ, ਪਰ ਜਲਦੀ ਹੀ ਉਡ ਜਾਂਦੇ ਹਨ, ਇਹ ਮੌਸਮ ਹੋਰ ਹੀ ਤਰ੍ਹਾਂ ਦਾ ਹੈ ਅਤੇ ਭੁਲੇਖਾ ਮਈ ਹੁੰਦਾ ਹੈ, ਇਸੇ ਤਰ੍ਹਾਂ ਹੀ ਜੀਵ ਰੂਪੀ ਇਸਤਰੀ ਵੀ ਭਰਮ ਵਿਚ ਭੁੱਲੀ ਹੋਈ ਆਪਣੇ ਹਾਰ ਸ਼ਿੰਗਾਰ ਵਿਚ ਲੱਗੀ ਹੋਈ ਹੈ . ਚਾਰ-ਚੁਫੇਰੇ ਜਲ ਥਲ ਪਾਣੀ ਨਾਲ ਭਰੇ ਅਤੇ ਮੌਜ ਮਾਣਨ ਵਾਲੀ ਬਾਰਿਸ਼ ਦੀ ਰੁੱਤ ਹੈ, ਕਾਲੀ ਰੁੱਤ ਨੂੰ ਮੀਂਹ ਵਰਦਾ ਹੈ, ਡੱਡੂ ਗੁੜੈਂ-ਗੁੜੈਂ ਕਰਦੇ-ਹਨ, ਮੋਰ ਕੁਹਕਦੇ ਹਨ, ਪਪੀਹਾ ਵੀ ਪ੍ਰਿਉ-ਪ੍ਰਿਉ ਕਰਦਾ ਹੈ, ਪਰ ਪਤੀ ਤੋਂ ਵਿਛੜੀ ਨਾਰ ਨੂੰ ਇਸ ਸੁਹਾਵਣੇ ਰੰਗ ਤੋਂ ਆਨੰਦ ਨਹੀਂ ਮਿਲਦਾ, ਉਸਨੂੰ ਤਾਂ ਇਹੀ ਲੱਗਦਾ ਹੈ, ਕਿ ਮੱਛਰ ਡੰਗ ਮਾਰਦੇ ਹਨ, ਸੱਪ ਡੱਸਦੇ ਫਿਰਦੇ ਹਨ . ਇਸੇ ਤਰ੍ਹਾਂ ਜੀਵ ਰੂਪੀ ਇਸਤਰੀ ਨੂੰ ਵੀ ਪ੍ਰਭੂ ਪਤੀ ਦੇ ਵਿਛੋੜੇ ਦਾ ਅਹਿਸਾਸ ਹੋ ਜਾਂਦਾ ਹੈ ਅਤੇ ਉਸਨੂੰ ਹੋਰ ਰੰਗ ਤਮਾਸ਼ਿਆਂ ਵਿਚੋਂ ਆਤਮਿਕ ਆਨੰਦ ਨਹੀਂ ਮਿਲਦਾ, ਸਗੋਂ ਰੰਗ ਤਮਾਸ਼ੇ ਮੱਛਰ ਤੇ ਸੱਪਾਂ ਵਾਂਗੂ ਡੰਗ ਮਾਰਦੇ ਪ੍ਰਤੀਤ ਹੁੰਦੇ ਹਨ . ਹੇ ਨਾਨਕ! ਤੂੰ ਆਖ ਕਿ ਮੈਂ ਤੇ ਆਪਣੇ ਗੁਰੂ ਦੇ ਦੱਸੇ ਹੋਏ ਰਾਹ 'ਤੇ ਤੁਰਾਂਗੀ ਤੇ ਉਥੇ ਹੀ ਜਾਵਾਂਗੀ ਜਿਥੇ ਮੇਰਾ ਪ੍ਰਭੂ ਪਤੀ ਮਿਲ ਸਕਦਾ ਹੈ .

ਸੰਦੇਸ਼:-ਬਾਹਰੀ ਸੁੱਖਾਂ ਦੀ ਭਾਲ ਨਾਲੋਂ ਹਰੀ ਨਾਮ ਦਾ ਸੁੱਖ ਉਤਮ ਹੈ . ਕਵੀ ਨਾਨਕ ਜੀ ਨੇ ਕਮਾਲ ਦੇ ਪ੍ਰਤੀਕ ਲੈ ਕੇ ਸਮਝਾਇਆ ਹੈ . ਜਿਸ ਤਰ੍ਹਾਂ ਇਕ ਨਾਰੀ ਪਤੀ ਪ੍ਰੇਮ ਲਈ ਵਿਆਕੁਲ ਹੋ ਜਾਂਦੀ ਹੈ . ਇਸੇ ਤਰ੍ਹਾਂ ਹੀ ਹਰੀ-ਪ੍ਰਭੂ ਦਾ ਭਗਤ, ਉਸਦੀ ਸ਼ਰਨ, ਉਸਦੀ ਪ੍ਰਾਪਤੀ ਲੋਚਦਾ ਹੈ . ਉਸਨੂੰ ਪ੍ਰਭੂ ਦੇ ਸਿਮਰਨ 'ਚ ਆਨੰਦ ਮਿਲਦਾ ਹੈ .

'ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ'' ਦਹ ਦਿਸਿ ਸਾਖ ਹਰੀ ਹਰੀ ਆਵਲ ਸਹਿਜ ਪਕੈ ਸੋ ਮੀਠਾ'' ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰੂ ਭਏ ਬਸੀਠਾ''

ਭਾਵ ਕਿ ਜਿਵੇਂ ਭਾਦਰੋਂ ਦੇ ਘੁੰਮੇ ਦੇ ਦਿਨ ਅਤੇ ਅੱਸੂ ਦੇ ਰੁੱਤੇ ਇਸਤਰੀ ਦੇ ਮਨ ਵਿਚ ਪਤੀ ਨੂੰ ਮਿਲਣਤ ਦੀ ਤਾਂਘ ਹੁੰਦੀ ਹੈ, ਤਿਵੇਂ ਜਿਸ ਜੀਵ ਰੂਪੀ ਇਸਤਰੀ ਨੇ ਪ੍ਰਭੂ ਦੇ ਵਿਛੋੜੇ ਵਿਚ ਕਾਮਦਾਇਕ ਵੈਰੀਆਂ ਦੇ ਹੱਲਿਆਂ ਦੇ ਦੁਖ ਦੇਖ ਲਏ ਹਨ, ਉਹ ਅਰਦਾਸ ਕਰਦੀ ਹੈ, ਕਿ ਹੇ ਪ੍ਰਭੂ ! ਪਤੀ ਜੀ ਮੇਰੇ ਹਿਰਦੇ ਵਿਚ ਆ ਵੱਸੋ ਦੁਨੀਆ ਦੇ ਝੂਠੇ ਮੋਹ ਵਿਚ ਮੈਂ ਫਸ ਕੇ ਖ਼ੁਆਰ ਹੋ ਰਹੀ ਹਾਂ . ਸਰੀਰਕ ਕਮਜ਼ੋਰੀ ਤੇ ਕੇਸ ਚਿੱਟੇ ਹੋਣ ਕਰਕੇ ਮੇਰਾ ਮਨ ਡੋਲਦਾ ਹੈ, ਕਿ ਅਜੇ ਤਕ ਪ੍ਰਭੂ ਪਤੀ ਦਾ ਦੀਦਾਰ ਨਹੀਂ ਹੋ ਸਕਿਆ, ਪਰ ਹਰ ਪਾਸੇ ਹਰੀਆਂ ਸ਼ਾਖਾਂ ਦੀ ਹਰਿਆਵਲ ਵੇਖ ਕੇ ਮਨ ਨੂੰ ਧੀਰਜ ਬੱਝਦਾ ਹੈ, ਕਿ ਜਿਹੜਾ ਜੀਵ ਅਡੋਲ ਅਵਸਥਾ ਵਿਚ ਦ੍ਰਿੜ ਰਹਿੰਦਾ ਹੈ, ਉਸਨੂੰ ਪ੍ਰਭੂ ਮਿਲਾਪ ਦੀ ਖ਼ੁਸ਼ੀ ਮਿਲਦੀ ਹੈ . ਹੇ ਨਾਨਕ! ਤੂੰ ਵੀ ਆਖ ਤੇ ਅਰਦਾਸਾ ਕਰ ਕਿ ਹੇ ਪਿਆਰੇ ਪ੍ਰਭੂ ਤੂੰ ਮਿਹਰ ਕਰ ਤੇ ਗੁਰੂ ਵਿਚੋਲੇ ਰਾਹੀਂ ਮੈਨੂੰ ਆਪਣਾ ਮਿਲਾਪ ਬਖ਼ਸ਼ .

ਸੰਦੇਸ਼:-ਕਵੀ ਗੁਰੂ ਨਾਨਕ ਜੀ ਨੇ ਰੁੱਤਾਂ ਮਹੀਨਿਆਂ ਦੇ ਪ੍ਰਤੀਕ ਲੈ ਕੇ ਮਨੁੱਖ ਨੂੰ ਕਿਹਾ ਹੈ, ਕਿ ਝੂਠੇ ਮੋਹ ਸੰਸਾਰ ਤੋਂ ਉਪਰ ਹੈ ਉਸ ਪ੍ਰਭੂ ਦਾ ਨਾਮ . ਉਸਦੀ ਮਿਹਰ ਸਦਕਾ ਹੀ ਸਭ ਕੁਝ ਹੁੰਦਾ ਹੈ . ਜਿਸ ਮਨੁੱਖ ਵਿਚ ਧੀਰਜ, ਹੌਸਲਾ ਸ਼ਕਤੀਆਂ ਹਨ, ਉਸਨੂੰ ਹੀ ਪ੍ਰਭੂ ਮਿਲਣ ਦੀ ਬਖਸ਼ਸ਼ਿ ਹੁੰਦੀ ਹੈ .

''ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ'' ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ''

ਭਾਵ ਕਿ ਜਿਸ ਜੀਵ ਦੇ ਮਨ ਅਤੇ ਤਨ ਵਿਚ ਸਾਰੇ ਜਗਤ ਨੂੰ ਜੀਵਨ ਦੇਣ ਵਾਲਾ ਪ੍ਰਭੂ ਆ ਕੇ ਵੱਸ ਜਾਂਦਾ ਹੈ ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਆਨੰਦ ਮਾਣਦਾ ਹੈ ਤੇ ਉਸਨੂੰ ਚੌਹਾਂ ਪਾਸੇ (ਚਾਰੇ ਪਾਸੇ) ਦੇ ਜੀਵਾਂ ਵਿਚ ਉਸ ਪ੍ਰਭੂ ਦੀ ਜੋਤ ਸਮਾਈ ਹੋਈ ਦਿਸਦੀ ਹੈ . ਅੰਡਜ: ਆਂਡੇ ਤੋਂ ਪੈਦਾ ਹੋਣ ਵਾਲੇ ਜੀਵ, ਜੇਰਜ: ਜ਼ੇਰ ਤੋਂ ਪੈਦਾ ਹੋਣ ਵਾਲੇ ਜੀਵ, ਸੇਤਜ: ਮੁੜਕੇ ਤੋਂ ਪੈਦਾ ਹੋਣ ਵਾਲੇ ਜੀਵ, ਉਤਭੁਜ: ਧਰਤੀ ਤੋਂ ਪੈਦਾ ਹੋਈ ਉਤਪਤੀ .

ਸੰਦੇਸ਼:-ਕਣ-ਕਣ ਵਿਚ ਉਸ ਪ੍ਰਭੂ ਦਾ ਵਾਸਾ ਹੈ . ਹਰ ਜੀਵ-ਪ੍ਰਾਣੀ ਨਾਲ ਮੋਹ-ਪਿਆਰ ਨਾਲ ਰਿਹਾ ਜਾਵੇ .

''ਰਵਿ ਰਹਿਆ ਸੋਈ ਅਵਰੁ ਨ ਕੋਈ ਮਨ ਹੀ ਤੇ ਮਨੁ ਮਾਨਿਆ'' ਜਿਨਿ ਜਲ ਥਲ ਤ੍ਰਿਭਵਣ ਘਟੁ ਘਟੁ ਥਾਪਿਆ ਸੋ ਪ੍ਰਭ ਗੁਰਮਖਿ ਜਾਨਿਆ''

ਭਾਵ ਕਿ ਸਾਰੀ ਸ੍ਰਿਸ਼ਟੀ ਵਿਚ ਵਾ-ਹਗੁਰੂ ਜੀ ਹੀ ਵਿਆਪਕ ਹਨ, ਹੋਰ ਕੋਈ ਨਹੀਂ, ਇਹ ਸਮਝ ਉਸਨੂੰ ਪੈਂਦੀ ਹੈ ਜੋ ਅੰਤਰ-ਆਤਮੇ ਦੇ ਨਾਮ ਵਿਚ ਪਰੋਤਾ ਰਹਿੰਦਾ ਹੈ . ਜਿਸ ਪ੍ਰਭੂ ਨੇ ਪਾਣੀ, ਧਰਤੀ, ਤ੍ਰਿਲੋਕੀ ਤੇ ਹਰੇਕ ਸਰੀਰ ਬਣਾਇਆ ਹੈ, ਉਸਦੀ ਸਮਝ ਉਸ ਜੀਵ ਨੂੰ ਗੁਰੂ ਰਾਹੀਂ ਸਹੀ ਪੈ ਜਾਂਦੀ ਹੈ .

ਸੰਦੇਸ਼:-ਗੁਰੂ ਰਾਹੀਂ ਹੀ ਮਨੁੱਖ ਨੂੰ ਸਹੀ ਰਸਤਾ ਮਿਲਦਾ ਹੈ . ਜੋ ਵਿਅਕਤੀ ਸਾਧਕ ਅੰਤਰ-ਆਤਮਾ ਦੇ ਨਾਮ ਨਾਲ ਭਿੱਜਿਆ ਹੈ, ਉਹ ਹੀ ਸੱਚੇ ਨਾਮ ਦਾ ਮਾਲਿਕ ਹੈ .

''ਸਤਿਗੁਰੂ ਸਬਦੀ ਮਿਲੈ ਵਿਛੁਨੀ ਤਨੁ-ਮਨੁ ਆਗੈ ਰਾਖੈ''

ਨਾਨਕ ਅੰਮ੍ਰਿ ਬਿਰਖੁ ਮਹਾਰਸ ਫਲਿਆ ਮਿਲਿ ਪ੍ਰੀਤਮ ਰਸੁ ਚਾਖੈ''

ਭਾਵ ਕਿ ਹੇ ਨਾਨਕ! ਆਪ ਕਿ ਜਿਹੜੀ ਜੀਵ ਰੂਪੀ ਇਸਤਰੀ ਗੁਰੂ ਦੇ ਸ਼ਬਦ ਰਾਹੀਂ ਆਪਣਾ ਤਨ ਤੇ ਮਨ ਉਸ ਪ੍ਰਭੂ ਦੇ ਹਵਾਲੇ ਕਰ ਦਿੰਦੀ ਹੈ, ਉਸਨੂੰ ਉਸ ਪ੍ਰਭੂ ਦੇ ਮੇਲ ਹੋ ਜਾਂਦੇ ਹਨ . ਪਰਮਾਤਮਾ ਦਾ ਨਾਮ ਜੀਵ ਨੂੰ ਆਤਮਿਕ ਜੀਵਨ ਦੇਣ ਵਾਲਾ ਐਸਾ ਰੁੱਖ ਹੈ ਜਿਸਨੂੰ ਉਚੇ ਆਤਮਿਕ ਗੁਣਾਂ ਦੇ ਫਲ ਲੱਗੇ ਰਹਿੰਦੇ ਹਨ ਅਤੇ ਗੁਰੂ ਸ਼ਬਦ ਰਾਹੀਂ ਪ੍ਰਭੂ ਅੱਗੇ ਆਪਣਾ ਤਨ-ਮਨ ਭੇਂਟ ਕਰਨ ਵਾਲੀ ਜੀਵ ਰੂਪੀ ਇਸਤਰੀ ਇਸ ਅੰਮ੍ਰਿ ਰੁੱਖ ਦੇ ਫੁੱਲਾਂ ਦਾ ਸੁਆਦ ਚੱਖਦੀ ਰਹਿੰਦੀ ਹੈ .

ਸੰਦੇਸ਼:-ਗੁਰੂ ਸ਼ਬਦ ਰਾਹੀਂ ਹੀ ਮਨੁੱਖ ਉਸ ਪ੍ਰਭੂ ਦੀ ਪ੍ਰਾਪਤੀ ਤਕ ਚੰਗੇ ਕੰਮਾਂ ਦੀ ਬੁਨਿਆਦੀ ਤਕ ਪਹੁੰਚ ਸਕਦਾ ਹੈ .

''ਗੁਰ ਰੂਪ ਮੁਰਾਰੇ ਤ੍ਰਿਭਵਣ ਧਾਰੇ ਤਾ ਕਾ ਅੰਤੁ ਨ ਪਾਇਆ''

ਰੰਗੀ ਜਿਨਸੀ ਜੰਤ ਉਪਾਏ ਨਿਤ ਦੇਵੈ ਚੜੇ ਸਵਾਇਆ .''

ਭਾਵ ਕਿ ਵੱਡੀ ਹਸਤੀ ਵਾਲੇ ਪਰਮ-ਾਤਮਾ ਨੇ ਤਿੰਨਾਂ ਭਵਨਾਂ (ਧਰਤੀ, ਆਕਾਸ਼, ਪਾਤਾਲ) ਨੂੰ ਆਪਣਾ ਆਸਰਾ ਦੇ ਕੇ ਰੱਖਿਆ ਹੋਇਆ ਹੈ, ਉਸ ਦੇ ਗੁਣਾਂ ਦਾ ਅੱਜ ਤਕ ਕਿਸੇ ਨੇ ਅੰਤ ਨਹੀਂ ਪਾਇਆ ਅਤੇ ਉਸਨੇ ਕਈ ਰੰਗਾਂ ਅਤੇ ਕਈ ਜਿਨਸਾਂ ਦੇ ਜੀਵ ਪੈਦਾ ਕੀਤੇ ਹੋਏ ਹਨ ਅਤੇ ਉਨ੍ਹਾਂ ਨੂੰ ਨਿੱਤ ਦਾਨ ਦੇਂਦਾ ਰਹਿੰਦਾ, ਉਸਦਾ ਭੰਡਾਰ ਮੁੱਕਦਾ ਨਹੀਂ, ਸਦਾ ਵਧਦਾ ਰਹੀ ਰਹਿੰਦਾ ਹੈ .

ਸੰਦੇਸ਼:-ਸਾਰੀ ਕਾਇਨਾਤ ਧਰਤੀ, ਆਕਾਸ਼, ਪਾਤਾਲ ਨੂੰ ਉਸ ਪ੍ਰਭੂ ਦਾ ਹੀ ਆਸਰਾ ਹੈ . ਉਸਦੇ ਬੇਅੰਤ ਗੁਣਾਂ ਕਰਕੇ ਸਭ ਨੂੰ ਕੁਝ ਨਾ ਕੁਝ ਮਿਲ ਰਿਹਾ ਹੈ . ਜੀਵ-ਪ੍ਰਾਣੀ ਜੋ ਪੈਦਾ ਕੀਤੇ ਹਨ, ਉਨ੍ਹਾਂ ਦਾ ਉਹੋ ਹੀ ਪਾਲਣਹਾਰ ਹੈ . ਮਨੁੱਖ ਨੂੰ ਆਪਣੇ ਕੀਤੇ ਕਰਮਾਂ 'ਤੇ ਘੁਮੰਡ ਨਹੀਂ ਹੋਣਾ ਚਾਹੀਦਾ, ਕਿਉਂਕਿ ਸਭ ਕੁਝ ਪਰਮ-ਾਤਮਾ ਕਰ ਰਿਹਾ ਹੈ .

''ਹਰਿ ਸਿਮਰਿ ਏਕੰਕਾਰੁ ਸਾਚਾ ਸਭ ਜਗਤੁ ਜਿੰਨਿ ਉਪਾਇਆ'' ਪਉਣੁ ਪਾਣੀ ਅਗਨਿ ਬਾਧੇ ਗੁਰਿ ਖੇਲੁ ਜਗਤਿ ਦਿਖਾਇਆ''

ਭਾਵ ਕਿ ਹੇ ਮੇਰੇ ਮਨ ਉਸ ਸਰਬ-ਵਿਆਪਕ ਤੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਸਿਮਰਦਾ ਰਹੋ, ਜਿਸ ਨੇ ਸਾਰਾ ਜਗਤ ਪੈਦਾ ਕੀਤਾ ਹੈ ਅਤੇ ਹਵਾ ਪਾਣੀ ਅੱਗ (ਆਦਿਕ ਤੱਤਾਂ) ਨੂੰ ਨਿਯਮ ਬੱਧ ਕੀਤਾ ਹੋਇਆ ਹੈ, ਵਾਹਿਗੁਰੂ ਜੀ ਦੇ ਇਸ ਖੇਲ ਦੀ ਸਮਝ ਗੁਰੂ ਰਾਹੀਂ ਹੀ ਜੀਵ ਨੂੰ ਪੈਂਦੀ ਹੈ .

ਸੰਦੇਸ਼:- ਜਿਸ ਪ੍ਰਭੂ ਨੇ ਸਭ ਕੁਝ ਨਿਯਮ ਬੱਧ ਕੀਤਾ ਹੈ, ਤੂੰ ਉਸ ਦਾ ਨਾਮ ਸਿਮਰਦਾ ਰਹੋ . ਇਹੋ ਤੇਰੇ ਸੁੱਖ ਦਾ ਰਸਤਾ ਹੈ .

''ਏ ਮਨ ਮੇਰਿਆ ਬਿਨੁ ਬੇੜੀ ਪਾਰਿ ਨਾ ਅੰਬੜੈ ਰਾਮ''

ਪਾਰਿ ਸਾਜਨੁ ਅਪਾਰੁ ਪ੍ਰੀਤਮੁ ਗੁਰ ਸ਼ਬਦ ਸੁਰਤਿ ਲੰਘਾਵਏ''

ਮਿਲਿ ਸਾਧ ਸੰਗਤਿ ਕਰਹਿ ਰਲੀਆ ਫਿਰਿ ਨ ਪਛੋਤਾਵਏ''

ਜਿਵੇਂ ਬੇੜੀ ਤੋਂ ਬਗੈਰ ਪਾਰ ਨਹੀਂ ਜਾਇਆ ਜਾ ਸਕਦਾ ਤਿਵੇਂ ਰਾਮ ਦੇ ਨਾਮ ਤੋਂ ਬਿਨਾਂ ਪਾਰ ਉਤਾਰਾ ਨਹੀਂ ਹੋ ਸਕਦਾ . ਜਿਵੇਂ ਬੇੜੀ ਤੋਂ ਬਿਨਾਂ ਮਨੁੱਖ ਨਦੀ ਤੋਂ ਪਾਰ ਨਹੀਂ ਹੋ ਸਕਦਾ . ਇਸ (ਸੰਸਾਰ-ਸਮੁੰਦਰ) ਦੀਆਂ ਵਿਸ਼ੇ-ਵਿਕਾਰ ਰੂਪੀ ਲਹਿਰਾਂ ਪੈ ਰਹੀਆਂ, ਨਾਲ ਭਰਪੂਰ ਸੰਸਾਰ ਸਮੁੰਦਰ ਤੋਂ ਪਾਰਲੇ ਪਾਸੇ ਸੱਜਣ ਪ੍ਰਭੂ ਵੱਸਦਾ ਹੈ, ਗੁਰੂ ਸ਼ਬਦ ਦੀ ਸੁਰਤਿ ਹੀ ਇਸ ਸਮੁੰਦਰ ਤੋਂ ਪਾਰ ਕਰ ਸਕਦੀ ਹੈ . ਹੇ ਮਨ ਤੂੰ ਸਾਧ ਸੰਗਤ ਵਿਚ ਮਿਲਕੇ ਵਾਹਿਗੁਰੂ ਨੂੰ ਸਿਮਰ ਕੇ ਆਨੰਦ ਮਾਣਦਾ ਰਹੇ ਤਾਂ ਤੂੰ ਵੀ ਪਾਰ ਹੋ ਜਾਏਗਾ ਅਤੇ ਫਿਰ ਤੈਨੂੰ ਪਛਤਾਣਾ ਨਹੀਂ ਪਵੇਗਾ .

ਸੰਦੇਸ਼ :- ਵਾਹਿਗੁਰੂ ਦੇ ਸੱਚੇ ਸ਼ਬਦ ਨਾਲ ਹੀ ਤੂੰ ਭਵਸਾਗਰ ਪਾਰ ਕਰ ਸਕਦਾ ਏ . ਨਾਮ ਸਿਮਰਨ ਤੋਂ ਬਿਨਾਂ ਤੂੰ ਮੰਜ਼ਲਿ ਨਹੀਂ ਪਾ ਸਕਦਾ .

''ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ . . ਨਾਨਕ ਹਰੇ ਨ ਸੂਕ ਹੀ ਜਿ ਗੁਰਮੁਖਿ ਰਹੇ ਸਮਾਇ''

ਭਾਵ ਕਿ ਹੇ ਭਾਈ ਇਹ ਦੁਨੀਆ ਦੀਆਂ ਰੁੱਤਾਂ ਤੇ ਮਹੀਨੇ ਆਂਵਦੇ-ਜਾਂਵਦੇ ਹਨ, ਪਰ ਤੁਸੀਂ ਹਉਮੈ ਨੂੰ ਵਿਸਾਰਨ ਵਾਲੇ ਕਰਮ ਕਰਕੇ ਵੇਖੋ, ਉਹ ਸਦਾ ਖੇੜੇ ਵਾਲੀ ਰੁੱਤ ਕਦੇ ਅਲੋਪ ਨਹੀਂ ਹੋਵੇਗੀ . ਹੇ ਨਾਨਕ! ਜਿਹੜੇ ਮਨੁੱਖ ਗੁਰੂ ਦੇ ਦੱਸੇ ਰਾਹ 'ਤੇ ਤੁਰ ਕੇ ਪ੍ਰਭੂ ਯਾਦ ਵਿਚ ਟਿਕ ਜਾਂਦੇ ਹਨ, ਉਨ੍ਹਾਂ ਦੀ ਆਤਮਾ ਸਦਾ ਖਿੜ੍ਹੀ ਰਹਿੰਦੀ ਹੈ ਅਤੇ ਉਹ ਖੇੜਾ ਕਦੇ ਸੁੱਕਦਾ ਨਹੀਂ .

ਸੰਦੇਸ਼:- ਐ ਮਨੱਖ ਇਹ ਖ਼ੂਬਸੂਰਤ ਰੁੱਤਾਂ-ਮਹੀਨੇ ਆਉਂਦੇ ਜਾਂਦੇ ਰਹਿੰਦੇ ਹਨ . ਮਨੁੱਖ ਹਉਮੈ ਨੂੰ ਤਿਆਗੇ . ਪ੍ਰਭੂ ਦੇ ਨਾਮ ਵਾਲੀ ਖੇੜੇ ਦੀ ਰੁੱਤ ਸਦਾ ਹੀ ਰਹਿੰਦੀ ਹੈ .

''ਰੁਤਿ ਆਈਲੇ ਸਰਸ ਬਸੰਤ ਮਾਹਿ'' ਰੰਗ ਰਾਤੇ ਰਵਹਿ ਸਿ ਤੇਰੈ ਚਾਇ''

ਭਾਵ ਕਿ ਹੇ ਵਾਹਿਗੁਰੂ . ਜੀ ਜਿਹੜੇ ਬੰਦੇ ਤੇਰੇ ਪਿਆਰ ਦੇ ਰੰਗ ਵਿਚ ਰੰਗੇ ਜਾਂਦੇ ਹਨ ਅਤੇ ਜਿਹੜੇ ਤੈਨੂੰ ਸਿਮਰਦੇ ਹਨ, ਉਹ ਤੇਰੇ ਮਿਲਾਪ ਦੀ ਖੁਸ਼ੀ ਵਿਚ ਰਹਿੰਦੇ ਹਨ ਮਾਨੋ ਮਨੱਖਾ ਜਨਮ ਉਨ੍ਹਾਂ ਵਾਸਤੇ ਬਸੰਤ ਰੁੱਤ ਆਈ ਹੋਈ ਹੈ .

ਸੰਦੇਸ਼:- ਮਨੱਖ ਜਨਮ ਕੀਮਤੀ ਜਨਮ ਹੈ, ਜਿਸਨੇ ਦੁਬਾਰਾ ਨਹੀਂ ਆਉਣਾ . ਇਸ ਜੀਵਨ ਨੂੰ ਬਸੰਤ ਰੁੱਤ ਵਾਂਗ ਹੀ ਉਹ ਮਨੁੱਖ ਸਮਝਦੇ ਹਨ, ਜਿਨ੍ਹਾਂ ਨੂੰ ਪ੍ਰਭੂ ਨਾਮ ਦੀ ਸੋਝੀ ਹੈ .

''ਜੇਹੀ ਰੁਤਿ ਕਾਇਆ ਸੁਖੁ ਤੇਹਾ ਤੇਹੋ ਜੇਹੀ ਦੇਹੀ'' ਨਾਨਕ ਰੁਤਿ ਸੁਹਾਵੀ ਸਾਈ ਬਿਨੁ ਨਾਵੈ ਰੁਤਿ ਕੇਹੀ''

ਭਾਵ ਕਿ ਇਨਸਾਨੀ ਜੀਵਨ ਵਾਸਤੇ ਦੋ ਹੀ ਰੁੱਤਾਂ ਹਨ, ਸਿਮਰਨ ਅਤੇ ਨਾਮਹੀਨਤਾ, ਇਨ੍ਹਾਂ ਵਿਚੋਂ ਜਿਹੜੀ ਰੁੱਤ ਦੇ ਪ੍ਰਭਾਵ ਹੇਠ ਜੀਵ ਆਪਣਾ ਜੀਵਨ ਗੁਜ਼ਾਰਦਾ ਹੈ, ਇਸ ਦੇ ਸ਼ਰੀਰ ਨੂੰ ਉਹੋ ਜਿਹਾ ਹੀ ਸੁੱਖ ਜਾਂ ਦੁੱਖ ਮਿਲਦਾ ਹੈ, ਉਸੇ ਪ੍ਰਭਾਵ ਹੇਠ ਹੀ ਇਸ ਦਾ ਸਰੀਰ ਅਤੇ ਗਿਆਨ ਇੰਦਰੀਆਂ ਚੱਲਦੀਆਂ ਹਨ

ਸੰਦੇਸ਼:- ਹੇ ਨਾਨਕ! ਮਨੁੱਖ ਵਾਸਤੇ ਉਹੀ ਰੁੱਤ ਸੋਹਣੀ ਹੈ ਜਦੋਂ ਇਹ ਨਾਮ ਸਿਮਰਦਾ ਹੈ, ਨਾਮ ਸਿਮਰਨ ਤੋਂ ਬਿਨਾਂ ਕੁਦਰਤ ਦੀ ਬਦਲਦੀ ਹੋਈ ਕੋਈ ਰੁੱਤ ਵੀ ਇਸਨੂੰ ਆਤਮਿਕ ਸੁੱਖ ਨਹੀਂ ਦੇ ਸਕਦੀ . ਆਦਮੀ ਦੇ ਚਾਲ ਚਲਨ ਦੇ ਮੁਤਾਬਿਕ ਹੀ ਉਸਦੇ ਸੁੱਖ ਦੁੱਖ ਹੁੰਦੇ ਹਨ . ਸਿਮਰਨ ਕਰਨ ਵਾਲੇ ਮਨੁੱਖ ਸੁੱਖਾਂ ਦੇ ਭਾਗੀ ਹੁੰਦੇ ਹਨ .

''ਨਾਨੀ ਸੀ ਬੂੰਦ ਪਵਨੁ ਪਤਿ ਖੋਵੈ ਜਨਮਿ ਮਰੈ ਖਿਨੁ ਤਾਈ'' ਨਦੀ ਉਪਕੰਨਿ ਜੈਸੇ ਘਰੁ ਤਰਵਰੁ ਸਰਪਨਿ ਘਰੁ ਘਰ ਮਾਹੀ . . ਉਲਟੀ ਨਦੀ ਕਹਾਂ ਘਰੁ ਤਰਵਰੁ ਸਰਪਨਿ ਡਸੈ ਦੂਜਾ ਮਨ ਮਾਂਹੀ''

ਭਾਵ ਕਿ ਇਹ ਜਗਤ ਮਾਨੋ ਕਾਗਜ਼ਾਂ ਦਾ ਕਿਲ੍ਹਾ ਹੈ, ਜਿਸਨੂੰ ਪ੍ਰਭੂ ਨੇ ਆਪਣੀ ਸਿਆਣਪ ਨਾਲ ਸਜਾਵਟ ਅਤੇ ਰੂਪ ਰੇਖਾ ਦਿੱਤੀ ਹੋਈ ਹੈ, ਪਰ ਜਿਵੇਂ ਇਕ ਨਿੱਕੀ ਜਿਹੀ ਬੂੰਦ ਜਾਂ ਹਵਾ ਦਾ ਝੌਂਕਾ ਕਾਗਜ਼ ਦੇ ਕਿਲ੍ਹੇ ਦੀ ਸ਼ੋਭਾ ਗਵਾ ਦੇਂਦਾ ਹੈ, ਤਿਵੇਂ ਇਹ ਜਗਤ ਪਲ ਵਿਚ ਜੰਮਦਾ ਅਤੇ ਮਰਦਾ ਹੈ . ਜਿਵੇਂ ਕਿਸੇ ਨਦੀ ਦੇ ਕੰਢੇ 'ਤੇ ਕੋਈ ਘਰ ਹੋਵੇ ਜਾਂ ਰੁੱਖ ਹੋਵੇ, ਜਦੋਂ ਨਦੀ ਦਾ ਵੇਗ ਉਲਟਦਾ ਹੈ ਤਾਂ ਫਿਰ ਨਾ ਘਰ ਰਹਿੰਦਾ ਹੈ ਅਤੇ ਨਾ ਹੀ ਉਹ ਰੁੱਖ . ਜਿਵੇਂ, ਜੇ ਕਿਸੇ ਮਨੁੱਖ ਦੇ ਘਰ ਵਿਚ ਸਪਣੀ ਦਾ ਘਰ ਹੋਵੇ ਤਾਂ ਜਦੋਂ ਵੀ ਮੌਕਾ ਮਿਲਦਾ ਹੈ, ਸਪਣੀ ਉਸਨੂੰ ਡੰਗ ਮਾਰੇਗੀ, ਇਸੇ ਤਰ੍ਹਾਂ ਮਨੁੱਖ ਦੇ ਮਨ ਵਿਚ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦਾ ਆਸਰਾ ਉਸ ਨਦੀ ਦੇ ਉਲਟੇ ਹੜ੍ਹ ਵਾਂਗ ਅਤੇ ਉਸ ਘਰ ਵਿਚ ਵੱਸਦੀ ਸਪਣੀ ਵਾਂਗ ਹੈ, ਇਹ ਦੂਜੀ ਝਾਕ ਆਤਮਿਕ ਮੌਤ ਲਿਆਉਂਦੀ ਹੈ .

ਸੰਦੇਸ਼:-ਮਨੁੱਖ ਜੀਵਨ ਦਾ ਕੋਈ ਭਰੋਸਾ ਨਹੀਂ, ਕਦ ਦੁਨੀਆ ਤੋਂ ਰੁਖਸਤ ਹੋ ਜਾਏ . ਗੁਰੂ ਜੀ ਨੇ ਬਹੁਤ ਵਧੀਆ ਤਸ਼ਬੀਹਾਂ ਦੇ ਕੇ ਸਮਝਾਇਆ ਕਿ ਮਨੁੱਖੀ ਜੀਵਨ ਕਾਗਜ਼ੀ ਕਿਲ੍ਹਾ ਭਾਵ ਕਿ ਮਨੁੱਖ ਤੇ ਲੱਗਾ ਦਾਗ਼ ਉਸਦੀ ਸ਼ਖਸੀਅਤ ਖ਼ਤਮ ਕਰ ਦਿੰਦੀ ਹੈ . ਪ੍ਰਭੂ ਦਾ ਨਾਮ ਹੀ ਉਸਨੂੰ ਪਾਕ-ਪਵਿੱਤਰ ਰੱਖਦਾ ਹੈ .

''ਚਾਤ੍ਰਿਕ ਮੀਨ ਜਲ ਹੀ ਤੇ ਸੁਖੁ ਪਾਵਹਿ ਸਾਰਿੰਗ ਸਬਦਿ ਸੁਹਾਈ ਰੈਨਿ ਬਬੀਹਾ ਬੋਲਿਓ ਮੇਰੀ ਮਾਈ''

ਭਾਵ ਕਿ ਹੇ ਮੇਰੀ ਮਾਂ! ਸਵਾਂਤੀ ਬੂੰਦ ਦੀ ਤਾਂਘ ਵਿਚ ਰਾਤੀਂ ਬਬੀਹਾ ਬੜੇ ਵੈਰਾਗ ਵਿਚ ਬੋਲਿਆ, ਉਸਦੀ ਵਿਲਕਦੀ ਆਵਾਜ਼ ਸੁਣ ਕੇ ਮੇਰੇ ਅੰਦਰ ਵੀ ਧੂਹ ਪਈ ਹੈ . ਮੇਰੀ ਮਾਂ! ਬਬੀਹੇ ਦੀ ਕੂਕ ਸੁਣਕੇ ਮੈਨੂੰ ਸਮਝ ਆਈ ਕਿ ਬਬੀਹਾ ਤੇ ਮੱਛੀ ਪਾਣੀ ਤੋਂ ਹੀ ਸੁੱਖ ਪਾਂਦੇ ਹਨ . ਸੰਦੇਸ਼:-ਜਿਸ ਤਰ੍ਹਾਂ ਮੱਛੀ ਤੇ ਬਬੀਹਾ ਪਾਣੀ ਤੋਂ ਸੁੱਖ ਲੈਂਦੇ ਹਨ, ਏਸੇ ਤਰ੍ਹਾਂ ਹੀ ਮਨੁੱਖ ਦੀ ਆਤਮਿਕ ਖੁਰਾਕ ਪ੍ਰਭੂ ਦਾ ਸੱਚਾ ਨਾਮ ਹੈ . ਪ੍ਰਭੂ ਦੇ ਨਾਮ ਵਿਚ ਹੀ ਮਨੁੱਖ ਦੀਆਂ ਹੋਰ ਪ੍ਰਾਪਤੀਆਂ ਦੀ ਜਿੱਤ ਹੁੰਦੀ ਹੈ .

''ਅਖਲੀ ਊਡੀ ਜਲੁ ਭਰ ਨਾਲਿ'' ਡੁਗਰੁ ਊਚਉ ਗੜੁ ਪਾਤਾਲਿ'' ਸਾਗਰ ਸੀਤਲੁ ਗੁਰ ਸ਼ਬਦ ਵੀਚਾਰਿ'' ਮਾਰਗ ਮੁਕਤਾ ਹਉਮੈ ਮਾਰਿ''

ਭਾਵ ਕਿ ਲਮਢੀਗ (ਪੰਛੀ) ਉਚੇ ਆਕਾਸ਼ ਵਿਚ ਉਡ ਰਿਹਾ ਹੈ ਤਾਂ ਉਥੇ ਉਡਦੇ ਨੂੰ ਪਾਣੀ ਨਹੀਂ ਮਿਲ ਸਕਦਾ, ਕਿਉਂਕਿ ਪਾਣੀ ਸਮੁੰਦਰ ਵਿਚ ਹੈ . ਆਤਮਿਕ ਸ਼ਾਂਤੀ ਸ਼ੀਤਲਤਾ ਨਿਮਰਤਾ ਵਿਚ ਹੈ ਉਸ ਮਨੁੱਖ ਨੂੰ ਨਹੀਂ ਪ੍ਰਾਪਤ ਹੋ ਸਕਦੀ, ਜਿਸਦਾ ਦਿਮਾਗ ਮਾਇਆ ਆਦਿ ਦੇ ਅਹੰਕਾਰ ਵਿਚ ਅਸਮਾਨੀ ਚੜ੍ਹਿਆ ਹੋਵੇ . ਜੇ ਕੋਈ ਮਨੁੱਖ ਸਤਸੰਗ ਆਦਿ ਦਾ ਆਸਰਾ ਲੋੜਦਾ ਹੈ, ਪਰ ਚੜ੍ਹਿਆ ਹੋਵੇ ਅਹੰਕਾਰ ਦੇ ਪਹਾੜ ਉਤੇ ਤਾਂ ਉਸ ਰਾਹੇ ਪੈ ਕੇ ਵੈਰੀਆਂ ਦੀ ਚੋਟ ਤੋਂ ਬਚ ਨਹੀਂ ਸਕਦਾ . ਗੁਰੂ ਦੇ ਸ਼ਬਦ ਦੀ ਵਿਚਾਰ ਕੀਤਿਆਂ ਗੁਰ ਸ਼ਬਦ ਦੀ ਸਹਾਇਤਾ ਸਦਾ ਜੀਵਨ ਦਾ ਰਸਤਾ ਖੁੱਲ੍ਹਾ ਹੋ ਜਾਂਦਾ ਹੈ ਅਤੇ ਸੰਸਾਰ ਸਮੁੰਦਰ ਜੋ ਵਿਸ਼ੇ-ਵਿਕਾਰਾਂ ਨਾਲ ਤਪ ਰਿਹਾ ਹੈ, ਠੰਡਾ ਠਾਰ ਹੋ ਜਾਂਦਾ ਹੈ .

ਸੰਦੇਸ਼:-ਹੰਕਾਰੀ ਆਦਮੀ ਨੂੰ ਪ੍ਰਭੂ ਦਾ ਸੁੱਖ ਪ੍ਰਾਪਤ ਨਹੀਂ ਹੁੰਦਾ ਹੈ . ਕਿਸੇ ਵੀ ਕਿਸਮ ਦਾ ਹੰਕਾਰ ਮਨੁੱਖ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕਰਦਾ ਹੈ . ਮਨੁੱਖ ਆਪਣੇ ਹੰਕਾਰ ਨੂੰ ਪ੍ਰਭੂ ਨਾਮ ਨਾਲ ਖ਼ਤਮ ਕਰੇ . ਭਲਾਈ ਦੇ ਕੰਮ ਕਰੇ .

''ਸੂਰਜ ਚੰਦੁ ਉਪਾਇ ਜੋਤਿ ਸਮਾਣਿਆ . ਕੀਤੇ ਰਾਤਿ ਦਿਨੰਤੁ ਚੋਜ ਵਿਡਾਣਿਆ . .''

ਭਾਵ ਕਿ ਸਾਰੀ ਰਚਨਾ ਸੰਸਾਰ ਦੀ ਰਚ ਕੇ ਆਪਣੇ ਵੱਡੇ ਚੋਜ ਨਾਲ ਰਾਤ ਦਿਨ ਵੀ ਵਾਹਿਗੁਰੂ ਨੇ ਬਣਾਏ ਅਤੇ ਸੂਰਜ, ਚੰਦਰਮਾ ਆਦਿ ਦੀ ਰਚਨਾ ਕੀਤੀ, ਇਸ ਸਭ ਕਾਸੇ ਵਿਚ ਵਾਹਿਗੁਰੂ ਜੀ ਆਪ ਜੋਤ ਰੂਪ ਹੋ ਕੇ ਸਮਾਏ ਹੋਏ ਹਨ .

ਸੰਦੇਸ਼:- ਸਾਰੀ ਸ੍ਰਿਸ਼ਟੀ ਵਿਚ ਵਾਹਿਗੁਰੂ ਆਪ ਹੈ .

''ਸੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ''

ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ ਅੰਦਰੁ ਰਚੈ ਸਚ ਰੰਗਿ ਜਿਉ ਮੰਜੀਠੈ ਲਾਲੁ .''

ਭਾਵ ਕਿ ਜੇ ਗੁਰੂ ਮਿਲ ਪਵੇ ਤਾਂ ਮਨ ਖਿਲ ਪੈਂਦਾ ਹੈ, ਜਿਵੇਂ ਮੀਂਹ ਪੈਣ ਨਾਲ ਧਰਤੀ ਦੀ ਸਜਾਵਟ ਬਣਕੇ ਸਾਰੀ ਧਰਤੀ ਹਰੀ-ਭਰੀ ਦਿਸ ਆਂਵਦੀ ਹੈ, ਸਰੋਵਰ ਤੇ ਤਲਾਬ ਨੱਕੋ-ਨੱਕ ਪਾਣੀ ਨਾਲ ਭਰ ਜਾਂਦੇ ਹਨ . ਇਸ ਤਰ੍ਹਾਂ ਜਿਸਨੂੰ ਗੁਰੂ ਮਿਲਦਾ ਹੈ, ਉਸਦਾ ਮਨ ਸਦਾ ਥਿਰ ਰਹਿਣ ਵਾਲੇ ਪ੍ਰਭੂ ਦੇ ਪਿਆਰ ਵਿਚ ਰਚ ਜਾਂਦਾ ਹੈ ਅਤੇ ਮਜੀਠ (ਰੰਗ) ਵਾਂਗ ਰੱਤਾ ਪੱਕੇ ਪਿਆਰ ਵਾਲਾ ਹੋ ਜਾਂਦਾ ਹੈ . ਉਸਦਾ ਹਿਰਦਾ ਖਿੜ੍ਹ ਜਾਂਦਾ ਹੈ . ਵਾ-ਹਗੁਰੂ ਸਦਾ ਉਸਦੇ ਹਿਰਦੇ ਵਿਚ ਆ ਵੱਸਦਾ ਹੈ .

ਸੰਦੇਸ਼:- ਗੁਰੂ ਦੀ ਪ੍ਰਾਪਤੀ ਸਭ ਤੋਂ ਉਚੀ ਤੇ ਸੱਚੀ . ਜਿਸ ਤਰ੍ਹਾਂ ਮੀਂਹ ਪੈਣ ਨਾਲ ਕੁਦਰਤ ਖੁਸ਼ਹਾਲ ਹੋ ਜਾਂਦੀ ਹੈ, ਖਿੜ੍ਹ ਜਾਂਦੀ ਹੈ, ਪ੍ਰਭੂ ਦੇ ਮਿਲਣ ਨਾਲ ਵੀ ਮਨੁੱਖ ਦਾ ਤਨ ਮਨ ਰੂਹ ਖਿੜ੍ਹ ਜਾਂਦੇ ਹਨ . ਪ੍ਰਭੂ ਦੀ ਪ੍ਰਾਪਤੀ ਵਿਚ ਖੇੜਾ ਹੀ ਖੇੜਾ ਹੁੰਦਾ ਹੈ .

''ਉਪਰਿ ਕੂਪ ਗਗਨ ਪਨਿਹਾਰੀ ਅੰਮ੍ਰਿ ਪੀਵਣਹਾਰਾ'' ਜਿਸ ਕੀ ਰਚਨਾ ਸੋ ਬਿਧਿ ਜਾਣੈ ਗੁਰਮੁਖਿ ਗਿਆਨੁ ਵੀਚਾਰਾ''

ਭਾਵ ਕਿ ਨਾਮ ਅੰਮ੍ਰਿ ਦਾ ਸੌਖਾ ਪਰਮਾਤਮਾ ਸਭ ਤੋਂ ਉਚਾ ਹੈ . ਉਚੀ ਬਿਰਤੀ ਵਾਲਾ ਜੀਵ ਹੀ ਉਸਦੀ ਮਿਹਰ ਨਾਲ ਨਾਮ ਅੰਮ੍ਰਿ ਪੀ ਸਕਦਾ ਹੈ . ਨਾਮ ਅੰਮ੍ਰਿ ਪਿਲਾਣ ਦਾ ਤਰੀਕਾ ਵੀ ਉਹ ਪਰਮਾਤਮਾ ਆਪ ਹੀ ਜਾਣਦਾ ਹੈ, ਜਿਸਦੀ ਰਚੀ ਹੋਈ ਇਹ ਸ੍ਰਿਸ਼ਟੀ ਹੈ . ਜੀਵ ਗੁਰੂ ਦੀ ਸ਼ਰਨ ਪੈਕੇ ਪਰਮਾਤਮਾ ਨਾਲ ਡੂੰਘੀ ਸਾਂਝ ਪਾਉਂਦਾ ਹੈ ਅਤੇ ਉਸਦੇ ਗੁਣਾਂ ਦੀ ਵੀਚਾਰ ਕਰਦਾ ਹੈ .

ਸੰਦੇਸ਼:- ਉਚੀ ਬਿਰਤੀ ਵਾਲਾ ਮਨੁੱਖ ਹੀ ਉਸ ਪ੍ਰਭੂ ਨੂੰ ਪਾ ਸਕਦਾ ਹੈ . ਸੱਚਾ, ਸੁੱਚਾ ਨੇਕ ਮਨੁੱਖ ਹੀ ਚੰਗਾ ਇਨਸਾਨ ਕਹਾਉਂਦਾ ਹੈ . ਉਚ ਪ੍ਰਾਪਤੀਆਂ ਉਸਦੀ ਹੀ ਝੋਲੀ ਵਿਚ ਪੈਂਦੀਆਂ ਹਨ ਜੋ ਮਿਹਨਤ ਕਰਦੇ ਹਨ ਅਤੇ ਪ੍ਰਭੂ ਨਾਲ ਸਾਂਝ ਰੱਖਦੇ ਹਨ ਆਦਿ .

''ਜੇ ਤੂੰ ਤਾਰੂ ਪਾਣਿ ਤਾਹੂ ਪੁਛੁ ਤਿੜੰਨ ਕਲ'' ਤਾਹੂ ਖਰੇ ਸੁਜਾਣ ਵੰਞ ਏਨੀ ਕਪਰੀ'' ਝੜ ਝਖੜ ਓਹਾੜ ਲਹਰੀ ਵਹਿਨ ਲਖੇਸਰੀ''

ਭਾਵ ਕਿ ਹੇ ਭਾਈ! ਜੇ ਤੂੰ ਸੰਸਾਰ ਸਮੁੰਦਰ ਦੇ ਪਾਣੀ ਦਾ ਤਾਰੂ ਬਣਨਾ ਚਾਹੁੰਦਾ ਹੈ ਤਾਂ ਤਰਨ ਦੀ ਜਾਚ, ਉਨ੍ਹਾਂ ਨੂੰ ਪੁੱਛ, ਜਿਨ੍ਹਾਂ ਨੂੰ ਇਸ ਸੰਸਾਰ ਸਮੁੰਦਰ ਵਿਚੋਂ ਪਾਰ ਲੰਘਣ ਦੀ ਜਾਚ ਹੈ . ਹੇ ਭਾਈ! ਉਹ ਮਨੁੱਖ ਹੀ ਸਿਆਣੇ ਹਨ ਜੋ ਇਸ ਸੰਸਾਰ ਸਮੁੰਦਰ ਦੀਆਂ ਵਿਕਾਰਾਂ ਰੂਪੀ ਲਹਿਰਾਂ ਵਿਚੋਂ ਪਾਰ ਲੰਘਦੇ ਹਨ, ਮੈਂ ਭੀ ਉਨ੍ਹਾਂ ਦੀ ਸੰਗਤ ਵਿਚ ਹੀ ਇਨ੍ਹਾਂ ਲਹਿਰਾਂ ਤੋਂ ਪਾਰ ਲੰਘ ਸਕਦਾ ਹਾਂ . ਹੇ ਭਾਈ! ਇਸ ਸੰਸਾਰ ਸਮੁੰਦਰ ਵਿਚ ਵਿਕਾਰਾਂ ਦੀਆਂ ਲਹਿਰਾਂ ਪੈ ਰਹੀਆਂ ਹਨ .

ਸੰਦੇਸ਼:-ਮਨੁੱਖ ਲਈ ਸਦੇਸ਼ ਬਣਦਾ ਹੈ ਕਿ ਮਨੁੱਖ ਵਿਕਾਰਾਂ ਤੋਂ ਦੂਰ ਰਹੇ . ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ .

ਸੰਦੇਸ਼:-ਮਨੁੱਖ ਲਈ ਸੰਦੇਸ਼ ਬਣਦਾ ਹੈ ਕਿ ਵਿਕਾਰਾਂ ਤੋਂ ਦੂਰ ਰਹੇ . ਜਿਹੜੇ ਮਨੁੱਖ ਵਿਕਾਰਾਂ ਤੋਂ ਪਾਰ ਹੋ ਜਾਂਦੇ ਹਨ, ਉਨ੍ਹਾਂ 'ਤੇ ਪਰਮਾਤਮਾ ਦੀ ਮਿਹਰ ਰਹਿੰਦੀ ਹੈ .

''ਨਿਰਮਲੁ ਨਾਵਣੁ ਨਾਨਕਾ ਗੁਰੁ ਤੀਰਥ ਦਰੀਆਉ'' ਜਨਮੇ ਕਾ ਫਲੁ ਕਿਆ ਗਣੀ ਜਾਂ ਹਰਿ ਭਗਤਿ ਨ ਭਾਉ''

ਭਾਵ ਕਿ ਇਸ ਸੰਸਾਰ ਵਿਚ ਵਿਕਾਰਾਂ ਨਾਲ ਜੋ ਮੈਲ ਮਨੁੱਖ ਨੂੰ ਲਗਾਤਾਰ ਲੱਗਦੀ ਰਹਿੰਦੀ ਹੈ: ਉਸਨੂੰ ਲਹੁਣ ਵਾਸਤੇ (ਗੁਰੂ ਦਰੀਆਉ) ਹੀ ਸੱਚਾ ਤੀਰਥ ਹੈ ਜਿਸਦੀ ਸੰਗਤ ਵਿਚ ਚੁੱਭੀ ਲਾਉਣ ਨਾਲ ਪਵਿੱਤਰ ਹੋ ਜਾਈਦਾ ਹੈ . ਹੇ ਭਾਈ! ਜਦ ਤਕ ਮਨੁੱਖ ਦੇ ਮਨ ਵਿਚ ਪ੍ਰਭੂ ਦੀ ਭਗਤੀ ਨਹੀਂ, ਪਰਮਾਤਮਾ ਦਾ ਪ੍ਰੇਮ ਨਹੀਂ, ਤਦ ਤਕ ਉਸਦੇ ਮੁਨੱਖਾ ਜਨਮ ਹਾਸਿਲ ਕੀਤੇ ਦਾ ਕੋਈ ਲਾਭ ਨਹੀਂ ਹੈ .

ਸੰਦੇਸ਼ :- ਪ੍ਰਭੂ ਦਾ ਨਾਮ ਹੀ ਸੱਚਾ ਤੀਰਥ ਹੈ . ਮਨ ਨੂੰ ਸ਼ੁੱਧ ਕਰਨ ਲਈ ਪ੍ਰਭੂ ਦਾ ਨਾਮ ਜਰੂਰੀ ਹੈ . ਪ੍ਰਭੂ ਦੇ ਨਾਮ ਨਾਲ ਮਨੁੱਖ ਸੱਚਾ ਸੁੱਚਾ ਬਣਦਾ ਹੈ, ਜਿਸ ਨਾਲ ਉਸਦਾ ਜੀਵਨ ਸਫ਼ਲ ਚੱਲਦਾ ਹੈ .

''ਬਲਿਹਾਰੀ ਕੁਦਰਤਿ ਵਸਿਆ'' ਤੇਰਾ ਅੰਤੁ ਨ ਜਾਈ ਲਖਿਆ''

ਭਾਵ ਕਿ ਹੇ ਵਾਹਿਗੁਰੂ! ਜੀ ਤੇਰੇ ਅੰਤ ਦੀ ਲਖਤਾ ਨਹੀਂ ਹੋ ਸਕਦੀ, ਭਾਵ ਤੂੰ ਬੇਅੰਤ ਹੈ ਅਤੇ ਮੈਂ ਤੇਰੇ ਇਸ ਗੁਣ ਕਿ ਕੁਦਰਤਿ ਸਾਜ ਕੇ ਇਸ ਵਿਚ ਤੂੰ ਆਪਣਾ ਵਾਸਾ ਕੀਤਾ ਹੈ, ਤੋਂ ਬਲਿਹਾਰ ਜਾਂਦਾ ਹੈ .


ਇਕ ਮਹਾਨ ਖੋਜੀ ਅਧਿਆਤਮਿਕ ਅਤੇ ਨੈਤਿਕ ਉਪਦੇਸ਼ਕ ਹੋਣ ਦੇ ਨਾਲ-ਨਾਲ ਗੁਰੂ ਨਾਨਕ ਦੇਵ ਜੀ ਇਕ ਸਰਵੋਤਮ ਪੱਧਰ ਦੇ ਮਹਾਨ ਕਵੀ ਸਨ।

*-ਬਲਵਿੰਦਰ ਬਾਲਮ ਗੁਰਦਾ-ਸਪੁਰ*

*ਉਂਕਾਰ ਨਗਰ, ਗੁਰਦਾਸਪੁਰ (ਪੰਜਾਬ)*

*ਮੋ. 98156-25409*

# ਅਗੇਤ ਭੁੱਲ ਕੇ ਪਛੇਤ ਦੀ ਲੀਹੇ ਪਏ ਪੰਜਾਬ ਬਾਰੇ ਸੋਚਣ ਦੀ ਥਾਂ ਅਸੀਂ ਰਿਸ਼ੀ ਸੁਨਕ ਬਾਰੇ ਸੋਚਿਆ ਕਰੀਏ



ਜਤਿੰਦਰ ਪੰਨੂ

ਅਸੀਂ ਪੰਜਾਬੀ ਲੋਕ ਵੀ ਅਤੇ ਪੰਜਾਬੀ ਮੀਡੀਆ ਵੀ ਬਹੁਤਾ ਕਰ ਕੇ ਉਨ੍ਹਾਂ ਖਬਰਾਂ ਵੱਲ ਕੰਨ ਕਰਦੇ ਹਾਂ, ਜਿਨ੍ਹਾਂ ਦਾ ਸੰਬੰਧ ਪੰਜਾਬ ਨਾਲ ਹੁੰਦਾ ਹੈ ਜਾਂ ਪੰਜਾਬੋਂ ਬਾਹਰਲੇ ਪੰਜਾਬੀਆਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਹੋ ਸਕਦਾ ਹੈ, ਜਾਂ ਫਿਰ ਜਿਨ੍ਹਾਂ ਦਾ ਅਸਰ ਪੰਜਾਬ ਅਤੇ ਪੰਜਾਬੀਆਂ ਉੱਤੇ ਪੈ ਸਕਦਾ ਹੈ। ਵਿਦੇਸ਼ ਵਿੱਚ ਕੋਈ ਭਾਰਤੀ ਮੂਲ ਦਾ ਅਤੇ ਭਾਰਤੀਆਂ ਵਿੱਚੋਂ ਵੀ ਪੰਜਾਬੀ ਮੂਲ ਦਾ ਕੋਈ ਰਿਸ਼ੀ ਸੁਨਕ ਆਪਣੇ ਦੇਸ਼ ਵਿੱਚ ਪ੍ਰਧਾਨ ਮੰਤਰੀ ਬਣ ਜਾਵੇ ਤਾਂ ਅਸੀਂ ਭਾਰਤੀ ਅਤੇ ਪਾਕਿਸਤਾਨੀ ਪੰਜਾਬੀ ਇਸ ਗੱਲੋਂ ਖਹਿਬੜੀ ਜਾਂਦੇ ਹਾਂ ਕਿ ਉਹ ਪਾਕਿਸਤਾਨੀ ਪੰਜਾਬੀਆਂ ਲਈ ਮਾਣ ਦੀ ਗੱਲ ਹੈ ਜਾਂ ਭਾਰਤੀ ਪੰਜਾਬ ਦੇ ਲੋਕਾਂ ਦਾ ਮਾਣ ਵਧਿਆ ਹੈ!ਰਿਸ਼ੀ ਦਾ ਦਾਦਾ ਗੁੱਜਰਾਂਵਾਲੇ ਤੋਂ ਕੀਨੀਆ ਗਿਆ, ਓਥੋਂ ਇੰਗਲੈਂਡ ਜਾ ਵੜਿਆ ਤੇ ਓਥੋਂ ਦਾ ਪ੍ਰਧਾਨ ਮੰਤਰੀ ਬਣਿਆ ਇਹ ਮੁੰਡਾ ਉਸੇ ਦੇਸ਼ ਵਿੱਚ ਜੰਮਿਆ-ਪਲਿਆ ਹੋਣ ਕਾਰਨ ਜਮਾਂਦਰੂ ਬ੍ਰਿਟਸ਼ਰ ਹੈ। ਪਾਕਿ-ਸਤਾਨ ਦੇ ਪੰਜਾਬੀ ਲੋਕ ਗੁੱਜਰਾਂਵਾਲੇ ਤੋਂ ਸਾਂਝ ਕੱਢਣ ਲੱਗ ਪਏ ਤੇ ਭਾਰਤੀ ਪੰਜਾਬੀ ਇਹ ਦੱਸਣ ਲੱਗ ਪਏ ਕਿ ਦੇਸ਼ ਵੰਡ ਵੇਲੇ ਰਿਸ਼ੀ ਸੁਨਕ ਦੇ ਦਾਦੇ ਦਾ ਪਰਵਾਰ ਭਾਰਤੀ ਪੰਜਾਬ ਦੇ ਕੇਂਦਰੀ ਸ਼ਹਿਰ ਲੁਧਿਆਣੇ ਆ ਗਿਆ ਸੀ। ਰਿਸ਼ੀ ਸੁਨਕ ਨੂੰ ਇਸ ਨਾਲ ਨਿੱਜੀ ਸਾਂਝ ਦੀ ਤੰਦ ਮਹਿਸੂਸ ਹੋ ਸਕਦੀ ਹੈ, ਪਰ ਕੰਮ ਉਸ ਦੇਸ਼ ਦੇ ਹਿੱਤਾਂ ਲਈ ਕਰੇਗਾ, ਜਿਸ ਦੇਸ਼ ਦੇ ਲੋਕਾਂ ਨੇ ਉਸ ਨੂੰ ਇਸ ਪੱਧਰ ਦਾ ਮਾਣ ਬਖਸ਼ਿਆ ਹੈ। ਅਸੀਂ ਰਿਸ਼ੀ ਸੁਨਕ ਦੀ ਅਤੇ ਉਸ ਦੇ ਮੁਲਕ ਦੀ ਗੱਲ ਕਰਨ ਦੀ ਥਾਂ ਇਹ ਸੋਚੀਏ ਕਿ ਸਾਨੂੰ ਆਪਣੇ ਰਾਜ ਦੇ ਵਿਕਾਸ ਨੂੰ ਬਰੇਕਾਂ ਲੱਗਣ ਦਾ ਝਟਕਾ ਵੀ ਮਹਿਸੂਸ ਨਹੀਂ ਸੀ ਹੋਇਆ।

ਸਾਡੇ ਸਾਹਮਣੇ ਭਾਰਤੀ ਰਿਜ਼ਰਵ ਬੈਂਕ ਦੀ ਜੀਅ ਪ੍ਰਤੀ ਆਮਦਨ ਵਾਲੀ ਰਿਪੋਰਟ ਪਈ ਹੈ, ਪੰਜਾਬ ਦੀ ਤਰੱਕੀ ਦਾ ਹਾਲ ਵੇਖਣਾ ਹੋਵੇ ਤਾਂ ਇਸ ਨਾਲੋਂ ਵੱਖ ਹੋਏ ਹਰਿਆਣਾ ਨਾਲ ਤੋਲ ਕੇ ਵੇਖਿਆਂ ਸਮਝ ਆ ਜਾਂਦੀ ਹੈ। ਸਾਲ 2000-01 ਵਿੱਚ ਹਰਿਆਣਾ ਦੀ ਜੀਅ ਪ੍ਰਤੀ ਸਾਲਾਨਾ ਆਮਦਨ 21105 ਰੁਪਏ ਅਤੇ ਪੰਜਾਬ ਦੀ 22745 ਹੁੰਦੀ ਸੀ। ਅਗਲੀ ਵਾਰ ਸਾਲ 2004-05 ਤੱਕ ਹਰਿਆਣਾ 37681 ਰੁਪਏ ਤੱਕ ਪਹੁੰਚ ਗਿਆ ਅਤੇ ਪੰਜਾਬ 32970 ਰੁਪਏ ਤੱਕ ਮਸਾਂ ਪਹੁੰਚ ਸਕਿਆ ਸੀ। ਸਾਲ 2010-11 ਵਿੱਚ ਹਰਿਆਣਾ 93852 ਰੁਪਏ ਸਾਲਾਨਾ ਤੱਕ ਪਹੁੰਚ ਗਿਆ ਤੇ ਪੰਜਾਬ ਹੋਰ ਪਛੜ ਕੇ 69582 ਰੁਪਏ ਸਾਲਾਨਾ ਤੱਕ ਪੁੱਜ ਸਕਿਆ ਸੀ। ਸਾਲ 2021-22 ਦੇ ਅੰਕੜੇ ਵੇਖੋ ਤਾਂ ਹਰਿਆਣਾ 2,74,635 ਰੁਪਏ ਪ੍ਰਤੀ ਜੀਅ ਆਮਦਨ ਵਾਲਾ ਰਾਜ ਬਣ ਗਿਆ, ਪਰ ਪੰਜਾਬ 1,62,112 ਰੁਪਏ ਪ੍ਰਤੀ ਜੀਅ ਆਮਦਨ ਦੇ ਅੰਕੜਿਆਂ ਨਾਲ ਭਾਰਤ ਦੇ ਸਭ ਤੋਂ ਪਛੜੇ ਰਾਜਾਂ ਵਿੱਚ ਲਿਖਣ ਜੋਗਾ ਹੋ ਕੇ ਰਹਿ ਗਿਆ। ਹਿਮਾਚਲ ਪ੍ਰਦੇਸ਼ ਵੀ 2,01,854 ਵਾਲੇ ਅੰਕੜੇ ਨਾਲ ਪੰਜਾਬ ਤੋਂ ਅੱਗੇ ਹੈ। ਇਹ ਸਾਰਾ ਕੁਝ ਜਦੋਂ ਵਾਪਰ ਰਿਹਾ ਸੀ, ਲੋਕਾਂ ਦੀ ਆਮਦਨ ਘਟਦੀ ਜਾਂਦੀ ਸੀ ਤੇ ਲੋਕਤੰਤਰ ਵਿੱਚ ਰਾਜਿਆਂ ਵਰਗੀ ਐਸ਼ ਕਰਨ ਵਾਲੇ ਲੀਡਰਾਂ ਦੀ ਆਮਦਨ ਤੇ ਜਾਇਦਾਦ ਵਧਦੀਆਂ ਜਾਂਦੀਆਂ ਸਨ, ਵਿਗਾੜ ਦੇ ਇਸ ਦੌਰ ਵਿੱਚ ਅਸੀਂ-ਤੁਸੀਂ ਸਾਰੇ ਲੋਕ ਏਥੇ ਹੀ ਸਾਂ, ਸਾਨੂੰ ਕਿਸੇ ਨੂੰ ਪਤਾ ਹੀ ਨਹੀਂ ਸੀ ਲੱਗਾ। ਖੂਨ ਚੂਸਣ ਵਾਲਿਆਂ ਨੇ ਇਸ ਤਰ੍ਹਾਂ ਦੇ ਟੀਕੇ ਲਾ ਕੇ ਖੂਨ ਖਿੱਚਿਆ ਕਿ ਅਸੀਂ ਉਨ੍ਹਾਂ ਦੀ ਜੁਗਤਬੰਦੀ ਨੂੰ ਸਮਝ ਹੀ ਨਹੀਂ ਸੀ ਸਕੇ।

ਪੰਜਾਬ ਦੀ ਅਜੋਕੀ ਸਰਕਾਰ ਕਿਹੜਾ ਕੱਦੂ ਵਿੱਚ ਤੀਰ ਮਾਰ ਦੇਵੇਗੀ, ਇਸ ਦਾ ਪਤਾ ਸਾਨੂੰ ਅਗਲੇ ਸਾਲ ਅੰਕੜੇ ਆਉਣ ਉੱਤੇ ਲੱਗੇਗਾ। ਇਹ ਸਰਕਾਰ ਕੋਈ ਕੰਮ ਕਰਦੀ ਹੈ ਤਾਂ ਉਸ ਬਾਰੇ ਲੋਕਾਂ ਵਿੱਚ ਚੰਗਾ ਪ੍ਰਭਾਵ ਹੋਣ ਦੇ ਬਾਵਜੂਦ ਇਸ ਦੀਆਂ ਵਿਰੋਧੀ ਧਿਰਾਂ ਉਨ੍ਹਾਂ ਕੰਮਾਂ ਵਿੱਚ ਨੁਕਸ ਕੱਢਦੀਆਂ ਹਨ ਤੇ ਇਹ ਉਨ੍ਹਾਂ ਦਾ ਹੱਕ ਹੈ। ਕੱਢਣ ਦਿਓ। ਕੁਝ ਕੰਮ ਇਹੋ ਜਿਹੇ ਵੀ ਸਰਕਾਰ ਕਰਦੀਹੈ, ਜਿਹੜੇ ਚੰਗੇਤਾਂ ਹਨ, ਪਰ ਇਸ ਨੇਸ਼ੁਰੂ ਨਹੀਂ ਕਰਵਾਏ, ਪਿਛਲੀਆਂ ਸਰਕਾਰਾਂ ਨੇ ਸ਼ੁਰੂ ਕਰਾਏ ਸਨ, ਪਰ ਆਪਣਿਆਂ ਨੂੰ ਸੇਕ ਲੱਗਣ ਲੱਗਾ ਤਾਂ ਬਰੇਕਾਂ ਲਾ ਦਿੱਤੀਆਂ ਸਨ, ਹਾਲਾਂਕਿ ਕਾਨੂੰਨ ਮੁਤਾਬਕ ਉਹ ਕੰਮ ਰੋਕੇ ਨਹੀਂ ਸਨ ਜਾ ਸਕਦੇ ਤੇ ਰੋਕਣੇ ਵੀ ਨਹੀਂ ਸੀ ਚਾਹੀਦੇ। ਮਿਸਾਲ ਵਜੋਂ ਭ੍ਰਿਸ਼ਟਾਚਾਰ ਦੇਵਿਰੁੱਧ ਕਾਰਵਾਈ ਦਾ ਮੁੱਦਾ ਸੀ, ਇਸ ਬਾਰੇ ਪਿਛਲੀ ਕਾਂਗਰਸੀ ਸਰਕਾਰ ਨੇ ਵਿਜੀਲੈਂਸ ਬਿਊਰੋ ਨੂੰ ਹੁਕਮ ਦਿੱਤੇ ਸਨ, ਪਰ ਜਦੋਂ ਸਾਰਾ ਕੱਚਾ ਚਿੱਠਾ ਲੱਭ ਜਾਂਦਾ ਸੀ ਤਾਂ ਬੁੱਕਲ ਵਿੱਚ ਰੋੜੀ ਭੰਨਣ ਵਾਂਗ ਅੰਦਰ-ਖਾਤੇ ਦੇ ਲੈਣ-ਦੇਣ ਕਰ ਕੇ ਫਾਈਲ ਠੱਪ ਕਰ ਦਿੱਤੀ ਜਾਂਦੀ ਸੀ। ਓਦੋਂ ਵਾਲੇ ਉਹ ਸਾਰੇ ਕੇਸ ਇਸ ਵਕਤ ਦੀ ਸਰਕਾਰ ਨੇ ਕੱਢ ਕੇ ਅੱਗੇ ਕਾਰਵਾਈ ਸ਼ੁਰੂ ਕੀਤੀ ਹੈ, ਪਰ ਸ਼ੁਰੂ ਹੀ ਕੀਤੀ ਹੈ, ਜਦੋਂ ਤੱਕ ਸਿਰੇ ਨਹੀਂ ਲੱਗ ਜਾਂਦੀ, ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲ ਜਾਂਦੀਆਂ, ਆਮ ਲੋਕਾਂ ਨੂੰ ਇਹੀ ਸੰਸਾ ਰਹੇਗਾ ਕਿ ਕਿਸੇ ਦਾ ਕੱਖ ਵਿਗੜਨਾ ਨਹੀਂ, ਚਾਰ ਦਿਨ ਰੌਲਾ-ਰੱਪਾ ਪੈ ਕੇ ਫਿਰ ਸਭ ਕੁਝ ਆਮ ਵਰਗਾ ਹੋ ਜਾਊਗਾ ਤੇ ਦੋਸ਼ੀ ਮੁੱਛਾਂ ਨੂੰ ਤਾਅ ਦੇ ਕੇ ਸ਼ਿਕਾਇਤ ਕਰਨ ਵਾਲਿਆਂ ਅਤੇ ਗਵਾਹਾਂ ਨੂੰ ਧਮਕੀਆਂ ਦੇਂਦੇ ਫਿਰਨਗੇ।



ਇਹੋ ਜਿਹਾ ਇੱਕ ਕੇਸ ਇਸ ਵੇਲੇ ਪਿੰਡਾਂ ਦੀਆਂ ਸ਼ਾਮਲਾਟਾਂ ਬਾਰੇ ਚਰਚਾ ਵਿੱਚ ਹੈ। ਪੰਜਾਬ ਦੇ ਲਗਭਗ ਹਰ ਪਿੰਡ ਵਿੱਚ ਏਦਾਂ ਦੀ ਕੋਈ ਨਾ ਕੋਈ ਸ਼ਾਮਲਾਟ ਹੁੰਦੀ ਹੈ, ਉਨ੍ਹਾਂ ਵਿੱਚੋਂ ਬਹੁਤੀਆਂ ਉੱਤੇ ਜ਼ੋਰਾਵਰਾਂ ਨੇ ਪਹਿਲਾਂ ਕਿਸੇ ਹੋਰ ਦਾ ਕਬਜ਼ਾ ਕਰਵਾਇਆ, ਫਿਰ ਉਸ ਦੇ ਨਾਂਅ ਦੀ ਗਿਰਦਾਵਰੀ ਕਰਵਾਈ ਤੇ ਉਸ ਤੋਂ ਕਿਸੇ ਹੋਰ ਨੂੰ ਵਿਕਵਾਉਣ ਪਿੱਛੋਂ ਖੁਦ ਖਰੀਦ ਲਈਆਂ ਸਨ। ਸਾਰੀ ਖਰੀਦੋ-ਫਰੋਖਤ ਕਾਗਜ਼ਾਂ ਵਿੱਚ ਹੁੰਦੀ ਸੀ, ਜਿਨ੍ਹਾਂ ਲੋਕਾਂ ਦੇ ਨਾਂਅ ਚੜ੍ਹਦੀ ਸੀ, ਉਨ੍ਹਾਂ ਨੂੰ ਪਤਾ ਵੀ ਨਹੀਂ ਸੀ ਹੁੰਦਾ ਅਤੇ ਤੀਸਰੇ ਥਾਂ ਜਿਸ ਦੇ ਨਾਂਅ ਜਾਇਦਾਦ ਚੜ੍ਹ ਜਾਂਦੀ, ਉਸ ਕੋਲ ਸਬੂਤ ਆ ਜਾਂਦਾ ਸੀ ਕਿ ਮੈਂ ਕੁਝ ਗਲਤ ਨਹੀਂ ਕੀਤਾ, ਤੀਸਰੇ ਥਾਂ ਜਾਇਦਾਦ ਖਰੀਦੀ ਹੈ, ਗਲਤੀ ਹੈ ਤਾਂ ਪਹਿਲੇ ਦੋ ਜਾਣਦੇ ਹੋਣਗੇ। ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੇੜਲੇ ਪਿੰਡਾਂ ਦੀਆਂ ਸ਼ਾਮਲਾਟਾਂ ਵਿੱਚ ਏਦਾਂ ਦੀ ਹੇਰਾਫੇਰੀ ਵੱਡੇ ਸਿਆਸੀ ਲੀਡਰਾਂ ਅਤੇ ਅਧਿਕਾਰੀਆਂ ਨੇ ਕੀਤੀ ਹੋਣ ਦੇ ਚਰਚੇ ਹੁੰਦੇ ਸਨ, ਪਰ ਕਦੇ ਸਬੂਤ ਨਹੀਂ ਸਨ ਮਿਲਦੇ। ਸਾਲ 2012 ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕੁਲਦੀਪ ਸਿੰਘ ਦੀ ਅਗਵਾਈ ਹੇਠ ਤਿੰਨ ਮੈਂਬਰੀ ਕਮੇਟੀ ਬਣਾ ਕੇ ਸਮੁੱਚੇ ਮਾਮਲੇ ਦੀ ਜਾਂਚ ਦਾ ਕੰਮ ਉਨ੍ਹਾਂ ਨੂੰ ਸੌਂਪ ਦਿੱਤਾ। ਜਦੋਂ ਇਸ ਕਮੇਟੀ ਦੀ ਰਿਪੋਰਟ ਆਈ ਤਾਂ ਹੈਰਾਨੀ ਵਾਲੀ ਸੀ। ਕਰੀਬ ਡੇਢ ਦਰਜਨ ਜ਼ੋਰਾਵਰਾਂ, ਲੀਡਰਾਂ ਅਤੇ ਸਾਬਕਾ ਅਧਿਕਾਰੀਆਂ ਵੱਲ ਇਸ਼ਾਰਾ ਕੀਤਾ ਗਿਆ ਸੀ ਕਿ ਕਰੋੜਾਂ ਦੀ ਜਾਇਦਾਦ ਕੌਡੀਆਂ ਦੇ ਭਾਅ ਕਬਜ਼ੇ ਵਿੱਚ ਕਰੀ ਬੈਠੇ ਹਨ। ਇਨ੍ਹਾਂ ਵਿੱਚ ਜਿਹੜੇ ਸੱਠ ਬਹੁਤ ਵੱਡੇ ਵੀ ਵੀ ਆਈ ਪੀਜ਼ ਦੇ ਨਾਂਅ ਸਨ, ਉਨ੍ਹਾਂ ਵਿੱਚ ਪੰਜਾਬ ਦੇ ਅੱਠ ਵੱਡੇ ਰਾਜਸੀ ਪਰਵਾਰਾਂ ਦੇ ਨਾਂਅ ਵੀ ਸਨ। ਇਹ ਸਿਆਸਤ ਦੇ ਅੱਠ ਵੱਡੇ ਘਰਾਣੇ ਕੌਣ ਸਨ, ਅਜੇ ਤੱਕ ਲੋਕ ਨਹੀਂ ਜਾਣ ਸਕੇ, ਪਰ ਜਿਹੜੇ ਕਦਮ ਮੌਜੂਦਾ ਪੰਜਾਬ ਸਰਕਾਰ ਚੁੱਕਣ ਲੱਗੀ ਹੈ, ਉਸ ਦੇ ਨਾਲ ਇਹ ਵੀ ਲੋਕਾਂ ਨੂੰ ਪਤਾ ਲੱਗ ਜਾਵੇਗਾ। ਕਾਨੂੰਨ ਦੀ ਪਾਲਣਾ ਕੀਤੀ ਜਾਂਦੀ ਤਾਂ ਇਹ ਕੰਮ ਬੜਾ ਚਿਰ ਪਹਿਲਾਂ ਹੋਇਆ ਹੋਣਾ ਚਾਹੀਦਾ ਸੀ, ਪਰ ਕਿਸੇ ਨੇ ਕੀਤਾ ਨਹੀਂ ਸੀ, ਪੰਜਾਬ ਦੀ ਨਵੀਂ ਸਰਕਾਰ ਇਸ ਲਈ ਕਰਨ ਲੱਗੀ ਹੈ ਕਿ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਸੁਪਰੀਮ ਕੋਰਟ ਨੇ ਇਸ ਬਾਰੇ ਬੀਤੀ ਸੱਤ ਅਪਰੈਲ ਨੂੰ ਇੱਕ ਹੁਕਮ ਦੇ ਦਿੱਤਾ ਸੀ ਕਿ ਸ਼ਾਮਲਾਟਾਂ ਦੀ ਵੰਡ ਤੇ ਅੱਗੇ ਵੇਚ-ਖਰੀਦ ਨਹੀਂ ਹੋ ਸਕਦੀ, ਹੋਈ ਵੀ ਹੋਵੇ ਤਾਂ ਉਹ ਵਾਪਸ ਪੰਚਾਇਤਾਂ ਦੇ ਨਾਂਅ ਕਰ ਦਿੱਤੀ ਜਾਵੇ।

ਸਾਨੂੰ ਹਾਲੇ ਪਤਾ ਨਹੀਂ ਕਿ ਹਰਿਆਣਾ ਸਰਕਾਰ ਨੇ ਇਹ ਕੇਸ ਜਿੱਤਣ ਪਿੱਛੋਂ ਇਸ ਦੇ ਅਮਲ ਦੀ ਕਾਰਵਾਈ ਸ਼ੁਰੂ ਕੀਤੀ ਹੈ ਜਾਂ ਨਹੀਂ ਤੇ ਜੇ ਕੀਤੀ ਤਾਂ ਕਿੰਨੀ ਕੀਤੀ ਹੈ, ਪਰ ਪੰਜਾਬ ਸਰਕਾਰ ਨੇ ਇਸ ਉੱਤੇ ਅਮਲਦਾ ਕੰਮ ਆਰੰਭ ਕਰ ਦਿੱਤਾ ਹੈ। ਪੰਜਾਬ ਦੇ ਮਾਲ ਵਿਭਾਗ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਹੁਕਮ ਭਿਜਵਾ ਦਿੱਤੇ ਹਨ ਕਿ ਸ਼ਾਮਲਾਟ ਤੇ ਜੁਮਲਾ ਮੁਸ਼ਤਰਕਾ ਮਾਲਕਾਨ ਖਾਤੇ ਵਾਲੀਆਂ ਜ਼ਮੀਨਾਂ ਦੇ ਜਿਹੜੇ ਇੰਤਕਾਲ ਕਿਸੇ ਵੀ ਸਮੇਂ ਬਦਲੇ ਗਏ ਸਨ, ਉਹ ਸਾਰੇ ਵਾਪਸ ਪੰਚਾਇਤਾਂ ਦੇ ਨਾਂਅ ਕਰਵਾਏ ਜਾਣ। ਚਿੱਠੀ ਵਿੱਚ ਇਹ ਗੱਲ ਵੀ ਹੈ ਕਿ ਜਿਹੜੀਆਂ ਪੰਚਾਇਤਾਂ ਸਮੇਂ ਦੇ ਨਾਲ ਸ਼ਹਿਰਾਂ ਦੀ ਹੱਦ ਵਿੱਚ ਆ ਜਾਣ ਕਾਰਨ ਅੱਜ ਹੋਂਦ ਵਿੱਚ ਨਹੀਂ ਹਨ, ਉਨ੍ਹਾਂ ਹੇਠਲੀ ਏਦਾਂ ਦੀ ਜਾਇਦਾਦ ਵੀ ਪਹਿਲਾਂ ਉਨ੍ਹਾਂ ਪੰਚਾਇਤਾਂ ਦੇ ਨਾਂਅ ਚੜ੍ਹਾਉਣ ਦੇ ਬਾਅਦ ਉਨ੍ਹਾਂ ਦੀ ਮੌਜੂਦਾ ਸਥਿਤੀ ਵਾਲੇ ਸ਼ਹਿਰਾਂ ਦੀਆਂ ਕੌਂਸਲਾਂ ਜਾਂ ਕਾਰਪੋਰੇਸ਼ਨਾਂ ਆਦਿ ਦੇ ਨਾਂਅ ਚੜ੍ਹਾ ਦਿੱਤੀ ਜਾਵੇ। ਇੱਕ ਗੱਲ ਇਹ ਕਹੀ ਜਾ ਰਹੀ ਹੈ ਕਿ ਜਿਨ੍ਹਾਂ ਜ਼ੋਰਾਵਰਾਂ ਨੇ ਬੀਤੇ ਸਮਿਆਂ ਵਿੱਚ ਏਦਾਂ ਦੀ ਜਾਇਦਾਦ ਕਬਜ਼ੇ ਵਿੱਚ ਕਰ ਕੇ ਕੋਠੀਆਂ ਅਤੇ ਮਹਿਲ ਉਸਾਰ ਲਏ ਸਨ, ਉਹ ਅੱਗੋਂ ਅਦਾਲਤਾਂ ਵਿੱਚ ਵੀ ਜਾ ਸਕਦੇ ਹਨ। ਸੁਪਰੀਮ ਕੋਰਟ ਤੋਂ ਵੱਡੀ ਅਦਾਲਤ ਭਾਰਤ ਵਿੱਚ ਕੋਈ ਹੈ ਹੀ ਨਹੀਂ। ਪੰਜਾਬ ਦੇ ਮਾਲ ਵਿਭਾਗ ਨੇ ਇਹ ਗੱਲ ਲਿਖ ਦਿੱਤੀ ਹੈ ਕਿ ਏਦਾਂ ਦਾ ਕੋਈ ਕੇਸ ਅਦਾਲਤਾਂ ਵਿੱਚ ਚੱਲਦਾ ਹੋਵੇ ਤਾਂ ਸੁਪਰੀਮ ਕੋਰਟ ਦੇ ਫੈਸਲੇ ਦੀ ਕਾਪੀ ਨਾਲ ਲਾ ਕੇ ਐਫੀਡੇਵਿਟ ਉਸ ਅਦਾਲਤ ਵਿੱਚ ਪੇਸ਼ ਕੀਤਾ ਜਾਵੇ ਅਤੇ ਕੇਸਬੰਦ ਕਰਵਾ ਦਿੱਤਾ ਜਾਵੇ। ਇਸ ਨਾਲ ਰਾਹ ਖੁੱਲ੍ਹ ਗਿਆ ਹੈ।

ਸਵਾਲ ਫਿਰ ਇਹ ਪੈਦਾ ਹੁੰਦਾ ਹੈ ਕਿ ਅਸੀਂ ਪੰਜਾਬੀ ਦੁਨੀਆ ਭਰ ਦੀਆਂ ਖਬਰਾਂ ਜਾਨਣ-ਸਮਝਣ ਦੇ ਬਹੁਤ ਵੱਡੇ ਦਾਅਵੇ ਕਰਦੇ ਹਾਂ, ਪਰ ਪੰਜਾਬ ਦੇ ਲੋਕਾਂ ਦੀ ਸਾਂਝੀ ਮਾਲਕੀ ਵਾਲੀ ਜਾਇਦਾਦ ਚੋਣਵੇਂ ਜ਼ੋਰਾਵਰਾਂ ਦੇ ਪਰਵਾਰ ਹੜੱਪਦੇ ਰਹੇ, ਸਾਨੂੰ ਪਤਾ ਕਿਉਂ ਨਹੀਂ ਸੀ ਲੱਗਾ ਅਤੇ ਜੇ ਲੱਗਾ ਸੀ ਤਾਂ ਅਸੀਂ ਚੁੱਪ ਕਿਉਂ ਕੀਤੇ ਰਹੇ! ਇਸ ਦਾ ਜਵਾਬ ਲੱਭਣ ਦਾ ਯਤਨ ਕਰਾਂਗੇ ਤਾਂ ਸਾਨੂੰ ਸਮਝ ਆ ਜਾਵੇਗਾ ਕਿ ਜਿਹੜਾ ਪੰਜਾਬ ਜੀਅ ਪ੍ਰਤੀ ਸਾਲਾਨਾ ਆਮਦਨ ਵਿੱਚ ਸਾਲ 2004-05 ਵਿੱਚ ਹਰਿਆਣਾ ਵਾਲੇ 21105 ਰੁਪਏ ਦੇ ਮੁਕਾਬਲੇ 22745 ਰੁਪਏ ਦੇ ਅੰਕੜੇ ਨਾਲ ਅੱਗੇ ਚੱਲਦਾ ਸੀ, ਫਿਰ ਪਛੜਦਾ ਕਿਉਂ ਗਿਆ ਸੀ? ਪਛੜਿਆ ਵੀ ਥੋੜ੍ਹਾ ਨਹੀਂ, ਸਗੋਂ ਸਾਲ 2021-22 ਤੱਕ ਗਵਾਂਢੀ ਹਰਿਆਣਾ ਦੇ 2,74,635 ਰੁਪਏ ਦੇ ਮੁਕਾਬਲੇ ਪੰਜਾਬ 1,62,112 ਦੀ ਲਕੀਰ ਉੱਤੇ ਨੀਵੀਂਆਂ ਪਾਈ ਬੈਠਾ ਹੈ। ਇਸ ਰਾਜ ਦੇ ਪੁਰਾਣੇ ਦਿਨ ਬਹਾਲ ਕਰਨ ਦਾ ਸੁਫਨਾ ਲੈਣਾ ਹੈ ਤਾਂ ਪੰਜਾਬ ਦੇ ਲੋਕਾਂ ਨੂੰ ਅਜੋਕੀਆਂ ਜਾਂ ਪਿਛਲੀਆਂ ਸਰਕਾਰਾਂ ਦੀ ਤੁਲਨਾ ਕਰਨ ਦੀ ਥਾਂ ਪੰਜਾਬ ਵਿੱਚ ਫੈਲਦੇ ਜਾਂਦੇ ਉਸ ਲੁਕਵੇਂ ਭ੍ਰਿਸ਼ਟਾਚਾਰ ਬਾਰੇ ਸੋਚਣਾ ਅਤੇ ਬੋਲਣਾ ਪਵੇਗਾ, ਜਿਸ ਨੇ ਇਸ ਦੀ ਅਗੇਤ ਨੂੰ ਮਹਾਂ-ਪਛੇਤ ਵਿੱਚ ਬਦਲ ਦਿੱਤਾ ਹੈ। ਓਨਾ ਚਿਰ ਸਾਡੇ ਲਈ ਇਹੋ ਚਰਚਾ ਕਰ ਲਈ ਬਹੁਤ ਹੈ ਕਿ ਵਲੈਤ ਦੇ ਲੋਕਾਂ ਨੇ ਜਿਸ ਹੋਣਹਾਰ ਨੌਜਵਾਨ ਨੂੰ ਉਸ ਦੀ ਯੋਗਤਾ ਕਾਰਨ ਆਪਣਾ ਪ੍ਰਧਾਨ ਮੰਤਰੀ ਚੁਣ ਲਿਆ ਹੈ, ਉਹ ਭਾਰਤੀ ਪੰਜਾਬ ਦਾ ਗਿਣਿਆ ਜਾਣਾ ਚਾਹੀਦੈ ਕਿ ਪਾਕਿਸਤਾਨੀ ਪੰਜਾਬੀ ਮੂਲ ਦਾ ਮੰਨ ਲੈਣਾ ਚਾਹੀਦੈ! ਸਾਡੇ ਪੰਜਾਬ ਦੇ ਲੋਕਾਂ ਨੇ ਇਸ ਸਾਲ ਜਿਹੜੀ ਸਰਕਾਰ ਚੁਣੀ ਸੀ, ਉਹ ਕੀ ਕਰ ਕੇ ਵਿਖਾਉਂਦੀ ਹੈ ਜਾਂ ਕੀ ਚੰਦ ਚਾੜ੍ਹਦੀ ਹੈ, ਇਸ ਦੀ ਰਿਪੋਰਟ ਭਾਰਤੀ ਰਿਜ਼ਰਵ ਬੈਂਕ ਨੇ ਜਦੋਂ ਅਗਲੇ ਸਾਲ ਸਾਡੇ ਸਾਹਮਣੇ ਰੱਖੀ, ਉਸ ਨੂੰ ਵੇਖਣ ਦਾ ਸਮਾਂ ਵੀ ਓਦੋਂ ਸਾਡੇ ਕੋਲ ਫਿਰ ਨਹੀਂ ਹੋਣਾ।

## ਬਹੁਤ ਕੁਝ ਵਕਤ ਨਾਲ ਬਦਲ ਗਿਆ। ਖੇਡਣ ਦੇ ਤੌਰ-ਤਰੀਕੇ ਵੀ ਬਦਲ.....

-ਵਿਜੈ ਗਰਗ -

ਉਮਰ ਦੇ ਹਿਸਾਬ ਨਾਲ ਹਰ ਚੀਜ਼ ਦੀ ਮਹੱਤਤਾ ਹੁੰਦੀ ਹੈ। ਬੱਚਿਆਂ ਵਾਸਤੇ ਉਨ੍ਹਾਂ ਦੇ ਖਿਡੌਣੇ ਉਨ੍ਹਾਂ ਦਾ ਸਰਮਾਇਆ ਹੁੰਦੇ ਹਨ। ਕੁਝ ਖਿਡੌਣੇ ਬਹੁਤ ਖ਼ਾਸ ਹੁੰਦੇ ਹਨ। ਬਹੁਤ ਕੁਝ ਵਕਤ ਨਾਲ ਬਦਲ ਗਿਆ। ਖੇਡਣ ਦੇ ਤੌਰ-ਤਰੀਕੇ ਵੀ ਬਦਲ ਗਏ। ਅਸਲ ’ਚ ਖੇਡਾਂ ਅਤੇ ਖਿਡੌਣੇ ਉਹ ਚਾਹੀਦੇ ਹਨ, ਜੋ ਬੱਚਿਆਂ ਨੂੰ ਖ਼ੁਸ਼ ਵੀ ਰੱਖਣ ਅਤੇ ਤੰਦਰੁਸਤ ਵੀ। ਹੱਸਣਾ ਅਤੇ ਖੇਡਣਾ ਤੰਦਰੁਸਤ ਰਹਿਣ ਲਈ ਬਹੁਤ ਜ਼ਰੂਰੀ ਹੈ। ਖ਼ੈਰ ਗੱਲ ਕਰਦੇ ਹਾਂ ਬੱਚਿਆਂ ਦੀ ਮਾਨਸਿਕਤਾ ਦੀ। ਸਵਾਲ ਬਹੁਤ ਵੱਡਾ ਖੜ੍ਹਾ ਹੈ ਕਿ ਕੀ ਮਹਿੰਗੇ ਖਿਡੌਣੇ ਬੱਚਿਆਂ ਨੂੰ ਖ਼ੁਸ਼ੀਆਂ ਦੇ ਰਹੇ ਹਨ, ਬੱਚੇ ਮਾਨਸਿਕ ਤੌਰ ’ਤੇ ਤੰਦਰੁਸਤ ਹਨ, ਖ਼ੁਸ਼ ਹਨ ਜਾਂ ਇਹ ਮਹਿੰਗੇ ਖਿਡੌਣੇ ਪੈਸੇ ਦੀ ਬਰਬਾਦੀ ਹੀ ਹੈ।

ਮਾਪੇ ਨਹੀਂ ਦਿੰਦੇ ਸਨ ਖ਼ਰੀਦ ਕੇ ਖਿਡੌਣੇ

ਜੇ ਕੁਝ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਸ਼ਹਿਰਾਂ ’ਚ ਵੀ ਬੱਚੇ ਗਲੀਆਂ ਜਾਂ ਖੁੱਲ੍ਹੀਆਂ ਥਾਵਾਂ ’ਤੇ ਖੇਡਦੇ ਸਨ। ਪਿੰਡਾਂ ’ਚ ਤਾਂ ਬੱਚਿਆਂ ਦਾ ਸੌਣਾ, ਖਾਣਾ, ਖੇਡਣਾ ਤੇ ਪੜ੍ਹਨਾ ਆਦਿ ਤਕਰੀਬਨ ਬਾਹਰ ਹੀ ਹੁੰਦਾ ਸੀ। ਬੱਚੇ ਗੁੱਲੀ ਡੰਡਾ, ਪਿੱਠੂਕਾਰੇ, ਸਾਈਕਲ ਦੇ ਟਾਇਰ ਨੂੰ ਡੰਡੇ ਨਾਲ ਚਲਾਉਣਾ, ਕੋਟਲਾ ਛਪਾਕੀ ਆਦਿ ਖੇਡਾਂ ਖੇਡਦੇ ਸਨ। ਇਨ੍ਹਾਂ ਸਾਰੀਆਂ ਖੇਡਾਂ ’ਚ ਪੈਸੇ ਨਹੀਂ ਲਗਦੇ ਸਨ। ਪਿੱਠੂ ਖੇਡਣ ਲਈ ਗੇਂਦ ਤੇ ਮਿੱਟੀ ਦੇ ਟੁੱਟੇ ਭਾਂਡਿਆਂ ਦੀਆਂ ਠੀਕਰੀਆਂ ਹੁੰਦੀਆਂ ਸਨ। ਕੋਟਲਾ ਛਪਾਕੀ ਖੇਡਣ ਲਈ ਪੁਰਾਣੀ ਚੁੰਨੀ ਹੁੰਦੀ ਸੀ। ਅਸਲ ’ਚ ਬਾਜ਼ਾਰ ਵਿਚ ਵੀ ਬਹੁਤ ਮਹਿੰਗੇ ਖਿਡੌਣੇ ਨਹੀਂ ਸਨ ਤੇ ਨਾ ਵਧੇਰੇ ਕਰਕੇ ਮਾਪੇ ਖ਼ਰੀਦ ਕੇ ਦਿੰਦੇ ਸਨ। ਬਾਂਟਿਆਂ, ਗੇਂਦ ਜਾਂ ਲੱਕੜ ਦੇ ਗੀਟਿਆਂ ਤਕ ਦੌੜ ਹੀ ਬਹੁਤ ਹੁੰਦੀ ਸੀ।

ਮੋਬਾਈਲ ’ਤੇ ਖੇਡਦੇ ਹਨ ਬੱਚੇ

ਇਸ ਵਕਤ ਬੱਚਿਆਂ ਕੋਲ ਮਹਿੰਗੇ ਖਿਡੌਣੇ ਹਨ ਪਰ ਬੱਚੇ ਖ਼ੁਸ਼ ਨਹੀਂ ਹਨ। ਛੋਟੀ ਉਮਰ ’ਚ ਹੀ ਬੱਚਿਆਂ ਨੂੰ ਦਿਲ ਦੀਆਂ ਬਿਮਾਰੀਆਂ ਤੇ ਸ਼ੂਗਰ ਵਰਗੀਆਂ ਬਿਮਾਰੀਆਂ ਨੇ ਘੇਰਿਆ ਹੋਇਆ ਹੈ। ਹਰ ਖੇਡ ਮੋਬਾਈਲ ’ਤੇ ਹੀ ਖੇਡਦੇ ਹਨ। ਦੌੜਨ ਜਾਂ ਬਾਹਰ ਦੀ ਹਵਾ ਦਾ ਪਤਾ ਹੀ ਨਹੀਂ। ਉੱਥੇ ਬੈਠੇ ਪੀਜ਼ੇ, ਬਰਗਰ, ਚਿਪਸ ਅਤੇ ਕੋਲਡ ਡਰਿੰਕ ਪੀਂਦੇ ਹਨ। ਪਲਾ-ਸਟਿਕ ਦੇ ਮਹਿੰਗੇ ਖਿਡੌਣਿਆਂ ਨਾਲ ਘਰ ਵਿਚ ਬੈਠ ਕੇ ਹੀ ਖੇਡਦੇ ਹਨ। ਉਨ੍ਹਾਂ ਖਿਡੌਣਿਆਂ ਨੂੰ ਬਣਾਉਣ ਵਾਲੇ ਕੈਮੀਕਲ ਹੱਥਾਂ ਨੂੰ ਵੀ ਲਗਦੇ ਹਨ ਅਤੇ ਉਹ ਮੂੰਹ ’ਚ ਵੀ ਜਾਂਦੇ ਹਨ। ਬੱਚਿਆਂ ਦੀ ਬਿਮਾਰੀਆਂ ਨਾਲ ਲੜਨ ਦੀ ਅੰਦਰੂਨੀ ਸ਼ਕਤੀ ਹੀ ਨਹੀਂ ਹੈ। ਸ਼ਹਿਰਾਂ ਦੇ ਬੱਚਿਆਂ ਨਾਲੋਂ ਅਜੇ ਵੀ ਪਿੰਡਾਂ ਦੇ ਬੱਚੇ ਚੰਗੇ ਹਨ। ਹਾਂ, ਪਿੰਡਾਂ ਵਿਚ ਵੀ ਪਹਿਲਾਂ ਨਾਲੋਂ ਬਹੁਤ ਕੁਝ ਬਦਲ ਗਿਆ ਹੈ। ਹੁਣ ਪਿੰਡ ਦੇ ਛੱਪੜ ’ਚੋਂ ਮਿੱਟੀ ਲਿਆ ਕੇ ਖਿਡੌਣੇ ਬਣਾਉਣ ਦਾ ਰਿਵਾਜ਼ ਨਹੀਂ ਰਿਹਾ। ਰੇਤ ਦੇ ਢੇਰਾਂ ਵਿਚ ਪੈਰ ਪਾ ਕੇ ਕੋਠੀਆਂ ਬਣਾਉਣੀਆਂ ਕੋਈ ਨਹੀਂ ਜਾਣਦਾ। ਪਿੰਡਾਂ ’ਚ ਵੀ ਹੁਣ ਸਾਈਕਲ ਦੇ ਟਾਇਰ ਨੂੰ ਡੰਡੇ ਨਾਲ ਘਮਾਉਂਦੇ ਬੱਚੇ ਵਿਖਾਈ ਨਹੀਂ ਦਿੰਦੇ।

ਇਕੱਲੇਪਣ ਨੇ ਬਣਾਇਆ ਮਾਨਸਿਕ ਰੋਗੀ

ਬੱਚਿਆਂ ਦੇ ਚਿਹਰਿਆਂ ਤੋਂ ਭੋਲਾਪਨ ਅਤੇ ਚਮਕ ਖ਼ਤਮ ਹੋ ਚੁੱਕੀ ਹੈ। ਬੁਝੇ ਹੋਏ ਅਤੇ ਪੀਲੇ-ਪੀਲੇ ਚਿਹਰੇ ਹਨ। ਬੱਚਿਆਂ ਨੂੰ ਇਕੱਲੇਪਣ ਨੇ ਮਾਨਸਿਕ ਰੋਗੀ ਬਣਾ ਦਿੱਤਾ ਹੈ। ਸਹਿਣਸ਼ੀਲਤਾ ਬੱਚਿਆਂ ’ਚ ਰਹੀ ਹੀ ਨਹੀਂ, ਗੱਲ-ਗੱਲ ’ਤੇ ਰੋਣਾ, ਜ਼ਿੱਦ ਕਰਨੀ ਅਤੇ ਆਪਣੀਆਂ ਗੱਲਾਂ ਮਨਾਉਣ ਦੀ ਆਦਤ ਬੱਚਿਆਂ ਵਿਚ ਆਮ ਹੀ ਵੇਖੀ ਜਾਂਦੀ ਹੈ। ਜ਼ਿੰਦਗੀ ’ਚ ਆਉਣ ਵਾਲੀਆਂ ਛੋਟੀਆਂ-ਛੋਟੀਆਂ ਮੁਸ਼ਕਲਾਂ ਦਾ ਵੀ ਸਾਹਮਣਾ ਨਹੀਂ ਕਰ ਸਕਦੇ। ਇਹੀ ਕਾਰਨ ਹੈ ਕਿ ਸਕੂਲ ਦੇ ਬੱਚੇ ਵੀ ਖ਼ੁਦਕੁਸ਼ੀਆਂ ਕਰ ਰਹੇ ਹਨ।

ਟੁੱਟੀਆਂ ਚੀਜ਼ਾਂ ਵੀ ਦੇ ਸਕਦੀਆਂ ਖ਼ੁਸ਼ੀ


ਹੱਥਾਂ ’ਚ ਮੋਬਾਈਲ ਹਨ ਤੇ ਬੱਚੇ ਹਰ ਜਾਣਕਾਰੀ ਉਮਰ ਤੋਂ ਪਹਿਲਾਂ ਹਾਸਿਲ ਕਰ ਰਹੇ ਹਨ। ਮਾਪੇ ਬੱਚਿਆਂ ਨੂੰ ਮਹਿੰਗੇ ਖਿਡੌਣੇ ਦੇ ਕੇ ਸੋਚਦੇ ਹਨ ਕਿ ਅਸੀਂ ਬੱਚਿਆਂ ਨੂੰ ਹਰ ਖ਼ੁਸ਼ੀ ਦੇ ਰਹੇ ਹਾਂ। ਬੱਚੇ ਨੌਕਰਾਂ ਤੇ ਮਹਿੰਗੇ ਖਿਡੌਣਿਆਂ ਨਾਲ ਪਲ ਰਹੇ ਹਨ। ਮਾਪੇ ਹੋਰ ਪੈਸਾ ਕਮਾਉਣ ਦੀ ਦੌੜ ’ਚ ਭੱਜ ਰਹੇ ਹਨ। ਬਿਮਾਰੀਆਂ ਦੀ ਸਮਝ ਨਹੀਂ ਆ ਰਹੀ ਤੇ ਮਹਿੰਗੇ ਇਲਾਜ ’ਤੇ ਲਗਦੇ ਪੈਸੇ ਦਾ ਕੋਈ ਹਿਸਾਬ ਨਹੀਂ। ਅਸਲ ’ਚ ਖ਼ੁਸ਼ ਤਾਂ ਹੀ ਰਿਹਾ ਜਾ ਸਕਦਾ, ਜੇ ਸਿਹਤ ਠੀਕ ਹੋਵੇ ਤੇ ਮਾਹੌਲ ਵਧੀਆ ਹੋਵੇ। ਬਹੁਤ ਪੈਸੇ ਕਮਾ ਕੇ, ਮਹਿੰਗੇ ਖਿਡੌਣੇ ਖ਼ਰੀਦ ਕੇ ਦੇਣ ਦੇ ਬਾਵਜੂਦ ਜੇ ਬੱਚੇ ਰੋਂਦੂ ਤੇ ਬਿਮਾਰ ਹਨ ਤਾਂ ਉਨ੍ਹਾਂ ਦਾ ਕੋਈ ਫ਼ਾਇਦਾ ਨਹੀਂ। ਬੱਚੇ ਚਮਚੇ ਤੇ ਕੌਲੀ ਨਾਲ ਖੇਡ ਕੇ ਵੀ ਹੱਸਦੇ ਨੇ। ਟੁੱਟੀਆਂ ਚੀਜ਼ਾਂ ਵੀ ਉਨ੍ਹਾਂ ਨੂੰ ਖ਼ੁਸ਼ੀ ਦੇ ਸਕਦੀਆਂ ਹਨ।

ਹਕੀਕਤ ਇਹ ਹੈ ਕਿ ਬੱਚਿਆਂ ਨੂੰ ਬਾਹਰ ਬੱਚਿਆਂ ਨਾਲ ਖੇਡਣਾ ਜੋ ਖ਼ੁਸ਼ੀ ਦਿੰਦਾ ਹੈ, ਉਹ ਮਹਿੰਗੇ ਖਿਡੌਣੇ ਨਹੀਂ ਦੇ ਸਕਦੇ। ਮਹਿੰਗੇ ਖਿਡੌਣੇ ਕੁਝ ਪਲ ਦੀ ਖ਼ੁਸ਼ੀ ਦੇ ਸਕਦੇ ਹਨ ਪਰ ਅਸਲੀ ਖ਼ੁਸ਼ੀ ਨਹੀਂ ਦੇ ਸਕਦੇ।

## ਇੰਟਰਨੈੱਟ ਦੀ ਲਤ ਤੋਂ ਛੁਟਕਾਰਾ ਪਾਉਣ ਲਈ ਕਈ ਇਲਾਜ ਤਰੀਕਿਆਂ ਨੂੰ ਅਪਣਾਉਣ ਦੀ ਲੋੜ ਹੈ

-ਵਿਜੈ ਗਰਗ-

ਹਰ ਸਾਲ 29 ਅਕਤੂਬਰ ਨੂੰ ਵਿਸ਼ਵ ਇੰਟਰਨੈਟ ਦਿਵਸ ਮਨਾਉਣ ਦੀ ਪਰੰਪਰਾ 1969 ਤੋਂ ਸ਼ੁਰੂ ਹੋਈ ਜਦੋਂ ਦੋ ਵਿਅਕਤੀ ਪਹਿਲੀ ਵਾਰ ਇੱਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਵਿੱਚ ਦੋ ਸ਼ਬਦਾਂ ਅਤੇ ਨੂੰ ਭੇਜਣ ਵਿੱਚ ਸਫਲ ਹੋਏ। ਇਹ ਚਾਰਲੀ ਕਲਾਈਨ ਸੀ ਜੋ ਆਪਣੇ ਸਹਿਯੋਗੀ ਬਿਲ ਡੁਵਾਲ ਨੂੰ ਲੌਗਇਨ ਸ਼ਬਦ ਭੇਜਣਾ ਚਾਹੁੰਦਾ ਸੀ ਪਰ ਸਿਰਫ ਦੋ ਅੱਖਰ ਹੀ ਭੇਜ ਸਕਿਆ ਅਤੇ ਸਿਸਟਮ ਕਰੈਸ਼ ਹੋ ਗਿਆ। ਇਸ ਨਾਲ ਸੰਸਾਰ ਨੂੰ ਇੱਕ ਅਜਿਹੀ ਖੋਜ ਮਿਲੀ ਜੋ ਅੱਜ ਜੀਵਨ ਦੀ ਇੱਕ ਮਹੱਤਵਪੂਰਨ ਗਤੀਵਿਧੀ ਹੈ ਜਾਂ ਕਹਿ ਲਓ ਕਿ ਇੱਕ ਦੂਜੇ ਨਾਲ ਸੰਚਾਰ ਕਰਨਾ ਹੈ।ਇੱਕ ਬਹੁਤ ਵੱਡੀ ਤਾਕਤ ਬਣ ਗਈ ਹੈ। ਇਹ ਪੁਲਾੜ ਯਾਤਰੀ ਨੀਲ ਆਰਮਸਟ੍ਰਾਂਗ ਦੇ ਚੰਦਰਮਾ 'ਤੇ ਕਦਮ ਰੱਖਣ ਤੋਂ ਦੋ ਮਹੀਨੇ ਬਾਅਦ ਹੋਇਆ ਹੈ। ਉਸ ਤੋਂ ਬਾਅਦ, ਸਾਲ 2005 ਤੋਂ, ਇੰਟਰਨੈਟ ਦਾ ਆਕਾਰ ਵਧਿਆ ਅਤੇ ਪੂਰੀ ਦੁਨੀਆ ਵਿੱਚ ਇਸ ਤਰ੍ਹਾਂ ਫੈਲ ਗਿਆ ਕਿ ਇਸਨੇ ਕੰਮ ਕਰਨ ਦੇ ਢੰਗ, ਸੋਚਣ ਦੀ ਦਿਸ਼ਾ ਅਤੇ ਆਪਣੀ ਗੱਲ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਪ੍ਰਕਿਰਿਆ ਨੂੰ ਇੱਕ ਨਵਾਂ ਰੂਪ ਦਿੱਤਾ। ਇੱਕ ਅੱਖ ਦਾ ਝਪਕਣਾ. ਜੇਕਰ ਦੇਖਿਆ ਜਾਵੇ ਤਾਂ ਇੰਟਰਨੈੱਟ ਕੀ ਹੈ, ਇਹ ਸਿਰਫ਼ ਡਾਕਖਾਨੇ ਦਾ ਸੋਧਿਆ ਰੂਪ ਹੈ। ਜਿਵੇਂ ਪਹਿਲਾਂ ਅਸੀਂ ਪੱਤਰ ਲਿਖ ਕੇ ਅਤੇ ਲੈਟਰ ਬਾਕਸ ਵਿੱਚ ਪਾ ਕੇ ਮੰਜ਼ਲਿ 'ਤੇ ਪਹੁੰਚਣ ਦਾ ਪ੍ਰਬੰਧ ਕਰਦੇ ਸੀ, ਉਹੀ ਇੰਟਰਨੈਟ ਕਰਦਾ ਹੈ। ਰਾਹ ਡਾਕਘਰਅੱਖਰਾਂ ਵਿੱਚ ਅੱਖਰਾਂ ਨੂੰ ਛਾਂਟ ਕੇ ਵੱਖ-ਵੱਖ ਬਕਸਿਆਂ ਵਿੱਚ ਰੱਖ ਕੇ ਅਤੇ ਫਿਰ ਉੱਥੋਂ ਕਿੱਥੇ ਪਹੁੰਚਣਾ ਯਕੀਨੀ ਬਣਾਉਣਾ ਹੈ, ਉਸੇ ਤਰ੍ਹਾਂ ਇੰਟਰਨੈੱਟ ਰਾਹੀਂ ਸਾਡਾ ਸੁਨੇਹਾ ਇੱਕ ਕੰਪਿਊਟਰ ਤੋਂ ਦੂਜੇ ਕੰਪਿਊਟਰ ਤੱਕ ਪਹੁੰਚਦਾ ਹੈ। ਫਰਕ ਸਿਰਫ ਇੰਨਾ ਹੈ ਕਿ ਪਹਿਲਾਂ ਜੋ ਕੁਝ ਦਿਨ-ਹਫ਼ਤੇ ਲੱਗ ਜਾਂਦੇ ਸਨ, ਉਹ ਹੁਣ ਅੱਖ ਝਪਕਦਿਆਂ ਹੀ ਹੋ ਜਾਂਦਾ ਹੈ। ਅੱਜ, ਡਾਕਖਾਨੇ ਦੀ ਬਜਾਏ, ਖੋਜ ਇੰਜਣ ਹਨ, ਜੋ ਅਲਾਦੀਨ ਦੇ ਚਿਰਾਗ ਵਾਂਗ, ਮੇਰੇ ਮਾਲਕ ਦੀ ਤਰਜ਼ 'ਤੇ ਤੁਰੰਤ ਜਾਣਕਾਰੀ ਪ੍ਰਾਪਤ ਕਰਦੇ ਹਨ. ਉਦਾਹਰਣ ਵਜੋਂ, ਜੇਕਰ ਤੁਸੀਂ ਕਿਸੇ ਸ਼ਬਦ ਦਾ ਅਰਥ ਜਾਣਨਾ ਚਾਹੁੰਦੇ ਹੋ, ਤਾਂ ਸ਼ਬਦਕੋਸ਼ ਦੀ ਕੋਈ ਲੋੜ ਨਹੀਂ ਹੈ,



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਜੰਗ ਨੂੰ ਉਸ ਸਮੇਂ ਅਹਿਮ ਸਫਲਤਾ ਮਿਲੀ ਜਦੋਂ ਪੰਜਾਬ ਪੁਲਿਸ ਨੇ ਨ੍ਹਾਵਾ ਸ਼ੇਵਾ ਪੋਰਟ ਮੁੰਬਈ ਤੋਂ 72.5 ਕਿਲੋ ਹੈਰੋਇਨ ਦੀ ਬਰਾਮਦਗੀ ਦੇ ਮਾਮਲੇ ਵਿੱਚ ਲੋੜੀਂਦੇ ਤਿੰਨ ਵੱਡੇ ਨਸ਼ਾ ਤਸਕਰਾਂ ਨੂੰ ਗੁਰਦਾਸਪੁਰ ਤੋਂ ਗ੍ਰਿਫ਼ਤਾਰ ਕੀਤਾ। ਇਹ ਜਾਣਕਾਰੀ ਅੱਜ ਇੱਥੇ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਨੇ ਦਿੱਤੀ।

ਪੰਜਾਬ ਪੁਲਿਸ ਅਤੇ ਏ.ਟੀ.ਐਸ. ਮੁੰਬਈ ਦੀਆਂ ਟੀਮਾਂ ਵੱਲੋਂ ਸਾਂਝੇ ਆਪਰੇਸ਼ਨ ਦੌਰਾਨ ਜੁਲਾਈ 2022 ਵਿੱਚ ਟਾਈਲਾਂ ਵਾਲੇ ਕੰਟੇਨਰ ਦੇ ਦਰਵਾਜ਼ੇ ਦੇ ਬਾਰਡਰ ਵਿੱਚ ਛੁਪਾ ਕੇ ਰੱਖਿਆ ਇਹ ਨਸ਼ਾ ਬਰਾਮਦ ਕੀਤਾ ਗਿਆ ਸੀ। ਇਹ ਕੰਟੇਨਰ ਦਿੱਲੀ ਦੇ ਇੱਕ ਦਰਾਮਦਕਾਰ ਵੱਲੋਂ ਮੰਗਵਾਇਆ ਗਿਆ ਸੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਪੰਡੋਰੀ ਦੇ ਵਾਸੀ ਗੁਰਵਿੰਦਰ ਸਿੰਘ ਉਰਫ਼ ਮਹਿਕ (27), ਤਰਨਤਾਰਨ ਦੇ ਪਿੰਡ ਭਿੱਖੀਵਿੰਡ ਦੇ ਵਾਸੀ ਗੁਰਸੇਵਕ ਸਿੰਘ ਉਰਫ਼ ਸੇਵਕ (25) ਅਤੇ ਅੰਮ੍ਰਿਤਸਰ ਦੇ ਪਿੰਡ ਮਾਹਵਾ ਦੇ ਵਾਸੀ ਮਨਜੀਤ ਸਿੰਘ ਉਰਫ਼ ਸੋਨੀ (34) ਵਜੋਂ ਹੋਈ ਹੈ। ਗ੍ਰਿਫਤਾਰ ਕੀਤੇ ਗਏ ਤਿੰਨੋਂ ਵਿਅਕਤੀ ਪੰਜਾਬ ਵਿੱਚ ਸਰਹੱਦ ਪਾਰੋਂ ਅਤੇ ਅੰਤਰ-ਰਾਜੀ ਨਸ਼ਾ ਤਸਕਰੀ ਵਿੱਚ ਸਰਗਰਮੀ ਨਾਲ ਸ਼ਾਮਲ ਸਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਭਰੋਸੇਯੋਗ ਜਾਣਕਾਰੀ ਮਿਲਣ ਉਪਰੰਤ ਗੁਰਦਾਸਪੁਰ ਪੁਲਿਸ ਨੇ ਬੁੱਧਵਾਰ ਸ਼ਾਮ ਨੂੰ ਇੱਕ ਵਿਸ਼ੇਸ਼ ਆਪ੍ਰੇਸ਼ਨ ਚਲਾਇਆ ਅਤੇ ਗੁਰਦਾਸਪੁਰ ਦੇ ਧਾਰੀਵਾਲ ਖੇਤਰ ਵਿੱਚ ਅੰਮ੍ਰਿਤਸਰ-ਜੰਮੂ ਹਾਈਵੇਅ 'ਤੇ ਇੱਕ ਐਸਯੂਵੀ ਮਹਿੰਦਰਾ ਥਾਰ (ਪੀਬੀ 46 ਏਐਚ 0003) ਨੂੰ ਰੋਕ ਕੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਦੱਸਿਆ ਕਿ ਪੁਲਿਸ ਟੀਮ ਨੇ ਗੱਡੀ ਦੀ ਤਲਾਸ਼ੀ ਦੌਰਾਨ ਇੱਕ ਰਿਵਾਲਵਰ ਸਮੇਤ 9 ਐਮਐਮ ਦੇ 6 ਜ਼ਿੰਦਾ ਕਾਰਤੂਸ ਅਤੇ .32 ਬੋਰ ਦੇ 6 ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਇਸ ਤੋਂ ਪਹਿਲਾਂ ਮੁੰਬਈ ਏਟੀਐਸ ਨੇ ਖੇਪ ਮੰਗਵਾਉਣ ਵਾਲੇ ਮੁਲਜ਼ਮ ਹਰਸਿਮਰਨ ਸੇਠੀ ਅਤੇ ਉਸ ਦੇ ਸਹਾਇਕ ਮਹਿੰਦਰ ਸਿੰਘ ਰਾਠੌਰ, ਜੋ ਕਲੀਅਰਿੰਗ ਏਜੰਟ ਵਜੋਂ ਕੰਮ ਕਰ ਰਿਹਾ ਸੀ, ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਸੀ।

ਡੀਜੀਪੀ ਨੇ ਕਿਹਾ ਕਿ ਜਾਂਚ ਦੌਰਾਨ, ਮੁੰਬਈ ਏਟੀਐਸ ਨੇ ਇਨ੍ਹਾਂ ਤਿੰਨੋਂ ਗ੍ਰਿਫਤਾਰ ਵਿਅਕਤੀਆਂ ਗੁਰਵਿੰਦਰ ਸਿੰਘ, ਗੁਰਸੇਵਕ ਸਿੰਘ ਅਤੇ ਮਨਜੀਤ ਸਿੰਘ ਨੂੰ ਨਾਮਜ਼ਦ ਕੀਤਾ, ਜੋ ਕਿ ਕੰਟੇਨਰ ਦੇ ਪ੍ਰਾਪਤਕਰਤਾ ਸਨ ਅਤੇ ਉਹ ਇਸ ਸਬੰਧ ਵਿੱਚ ਦਿੱਲੀ ਵੀ ਗਏ ਸਨ।

ਐਸਐਸਪੀ ਗੁਰਦਾਸਪੁਰ ਦੀਪਕ ਹਿਲੋਰੀ ਨੇ ਦੱਸਿਆ ਕਿ ਮੁਲਜ਼ਮ ਗੁਰਵਿੰਦਰ ਸਿੰਘ ਅਤੇ ਮਨਜੀਤ ਸਿੰਘ ਇਰਾਦਾ ਕਤਲ ਦੀ ਕੋਸ਼ਿਸ਼ ਦੇ ਕੇਸ ਵਿੱਚ ਅੰਮ੍ਰਿਤਸਰ ਦਿਹਾਤੀ ਪੁਲੀਸ ਨੂੰ ਵੀ ਲੋੜੀਂਦੇ ਹਨ, ਜਿਸ ਵਿੱਚ ਉਨ੍ਹਾਂ ਨੇ ਅਕਤੂਬਰ 2020 ਵਿੱਚ ਜਗ੍ਹਾ ਅੰਮ੍ਰਿਤਸਰ ਦਿਹਾਤੀ ਦੀ ਪੁਲੀਸ ਪਾਰਟੀ 'ਤੇ ਗੋਲੀਬਾਰੀ ਕੀਤੀ ਸੀ। ਉਨ੍ਹਾਂ ਦੱਸਿਆ ਕਿ ਭਾਰਤੀ ਦੰਡਾਵਲੀ ਨਿਯਮ (ਆਈਪੀਸੀ) ਦੀਆਂ ਧਾਰਾਵਾਂ 307, 353, 186 ਅਤੇ 34 ਅਤੇ ਅਸਲਾ ਐਕਟ ਦੀਆਂ ਧਾਰਾਵਾਂ 25 ਅਤੇ 27 ਤਹਿਤ ਅੰਮ੍ਰਿਤਸਰ ਦੇ ਥਾਣਾ ਲੋਪੋਕੇ ਵਿਖੇ ਇਸ ਸਬੰਧੀ ਪਹਿਲਾਂ ਹੀ ਕੇਸ ਦਰਜ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਅਤੇ ਹੋਰ ਸੂਬਿਆਂ ਵਿੱਚ ਨਸ਼ਾ ਤਸਕਰੀ ਦੇ ਇਸ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ।

ਦੱਸਣਯੋਗ ਹੈ ਕਿ ਧਾਰਾ 25/27/54/59 ਤਹਿਤ ਐਫ.ਆਈ.ਆਰ. ਨੰ. 149 ਮਿਤੀ 2/11/2022 ਨੂੰ ਥਾਣਾ ਧਾਰੀਵਾਲ ਗੁਰਦਾਸਪੁਰ ਵਿਖੇ ਤਾਜ਼ਾ ਮਾਮਲਾ ਦਰਜ ਕੀਤਾ ਗਿਆ ਹੈ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਆਯੋਜਿਤ ਕੀਤਾ ਗਿਆ ਖੇਤਰੀ ਸਰਕਾਰੀ ਭਾਸ਼ਾ ਸੰਮੇਲਨ

ਅੰਮ੍ਰਿਤਸਰ, 3 ਨਵੰਬਰ (ਪੋਸਟ ਬਿਊਰੋ) :ਰਾਜ ਭਾਸ਼ਾ ਵਿਭਾਗ, ਗ੍ਰਹਿ ਮੰਤਰਾਲੇ, ਭਾਰਤ ਸਰਕਾਰ ਨੇ ਸੰਯੁਕਤ ਸਕੱਤਰ, ਰਾਜ ਭਾਸ਼ਾ ਵਿਭਾਗ, ਗ੍ਰਹਿ ਮੰਤਰਾਲੇ, ਕੇਂਦਰੀ ਸਰਕਾਰ ਦੇ ਦਫ਼ਤਰਾਂ, ਬੈਂਕਾਂ ਅਤੇ ਉੱਤਰ-1 ਅਤੇ ਉੱਤਰ-2 ਵਿੱਚ ਸਥਿਤ ਅਦਾਰਿਆਂ ਦੀ ਪ੍ਰਧਾਨਗੀ ਹੇਠ ਆਦਿ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸਾਂਝੇ ਖੇਤਰੀ ਭਾਸ਼ਾ ਸੰਮੇਲਨ ਅਤੇ ਇਨਾਮ ਵੰਡ ਸਮਾਗਮ ਕਰਵਾਇਆ ਗਿਆ।

ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਨਾਰਕਾਸ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਇਨਕਮ ਟੈਕਸ, ਅੰਮ੍ਰਿਤਸਰ ਦੇ ਚੀਫ ਕਮਿਸ਼ਨਰ ਸ਼੍ਰੀਮਤੀ ਜਹਾਨਜ਼ੇਬ ਅਖਤਰ, ਇਨਕਮ ਟੈਕਸ ਦੇ ਚੀਫ ਕਮਿਸ਼ਨਰ ਅਤੇ ਨਰਕਾਸ ਦੇ ਪ੍ਰਧਾਨ ਗਾਜ਼ੀਆਬਾਦ ਡਾ: ਸੁਚਿਸਮਿਤਾ ਪਲਈ, ਰਾਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ਼੍ਰੀ ਬੀ.ਐਲ. ਮੀਨਾ ਅਤੇ ਜੁਆਇੰਟ ਡਾਇਰੈਕਟਰ ਡਾ: ਰਾਕੇਸ਼ ਬੀ. ਦੂਬੇ ਸਮੇਤ ਉੱਤਰਾ-1 ਅਤੇ ਉੱਤਰੀ-2 ਖੇਤਰ ਦੇ ਵੱਖ-ਵੱਖ ਦਫਤਰਾਂ ਦੇ ਅਧਿਕਾਰੀਆਂ ਨੇ ਸ਼ਿਰਕਤ ਕੀਤੀ।

ਪ੍ਰੋਗਰਾਮ ਵਿੱਚ ਬੋਲਦਿਆਂ ਰਾਜ ਭਾਸ਼ਾ ਵਿਭਾਗ ਦੇ ਸੰਯੁਕਤ ਸਕੱਤਰ ਨੇ ਕਿਹਾ ਕਿ ਦੇਸ਼ ਭਰ ਵਿੱਚ ਸਥਿਤ ਕੇਂਦਰ ਸਰਕਾਰ ਦੇ ਵੱਖ-ਵੱਖ ਵਿਭਾਗਾਂ ਅਤੇ ਦਫ਼ਤਰਾਂ ਵਿੱਚ ਰਾਜ ਭਾਸ਼ਾ ਦੇ ਉਪਬੰਧਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਅਤੇ ਹਿੰਦੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਿੱਚ ਰਾਜ ਭਾਸ਼ਾ ਵਿਭਾਗ ਦੀ ਅਹਿਮ ਭੂਮਿਕਾ ਹੈ। ਸਰਕਾਰੀ ਭਾਸ਼ਾ ਵਿਭਾਗ ਵੱਲੋਂ ਰਾਜ ਭਾਸ਼ਾ ਨਾਲ ਸਬੰਧਤ ਸੰਵਿਧਾਨਕ ਵਿਵਸਥਾਵਾਂ ਦੀ ਪਾਲਣਾ ਕਰਨ ਅਤੇ ਦਫ਼ਤਰੀ ਕੰਮਾਂ ਵਿੱਚ ਹਿੰਦੀ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਹ ਖੇਤਰੀ ਕਾਨਫਰੰਸਾਂ ਵੀ ਇਸੇ ਦਿਸ਼ਾ ਵਿੱਚ ਸਾਡੇ ਯਤਨ ਹਨ।

ਉਨ੍ਹਾਂ ਕਿਹਾ ਕਿ ਸਰਕਾਰੀ ਭਾਸ਼ਾ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਦੀ ਦਿਸ਼ਾ ਵਿੱਚ ਕੰਮ ਕਰਦੇ ਹੋਏ, ਰਾਜ ਭਾਸ਼ਾ ਵਿਭਾਗ ਨੇ ਬਨਾਰਸ ਵਿੱਚ 13-14 ਨਵੰਬਰ, 2021 ਨੂੰ ਪਹਿਲੀ ਅਖਿਲ ਭਾਰਤੀ ਰਾਜ ਭਾਸ਼ਾ ਸੰਮੇਲਨ ਦਾ ਆਯੋਜਨ ਕੀਤਾ। ਮਈ 2022 ਵਿੱਚ ਨਵੀਂ ਦਿੱਲੀ ਵਿੱਚ ਕੇਂਦਰੀ ਸਕੱਤਰੇਤ ਸਰਕਾਰੀ ਭਾਸ਼ਾ ਸੇਵਾ ਕਾਡਰ ਦੇ ਅਧਿਕਾਰੀਆਂ ਲਈ ਸਰਕਾਰੀ ਭਾਸ਼ਾ ਵਿਭਾਗ ਵੱਲੋਂ ਪਹਿਲੀ ਤਕਨੀਕੀ ਕਾਨਫਰੰਸ ਵੀ ਕਰਵਾਈ ਗਈ

ਡਾ: ਮੀਨਾਕਸ਼ੀ ਜੌਲੀ ਨੇ ਦੱਸਿਆ ਕਿ ਇਸ ਸਾਲ ਹਿੰਦੀ ਦਿਵਸ-2022 ਅਤੇ ਦੂਸਰਾ ਅਖਿਲ ਭਾਰਤੀ ਸਰਕਾਰੀ ਭਾਸ਼ਾ ਸੰਮੇਲਨ ਗੁਜਰਾਤ ਦੇ ਸੂਰਤ ਸ਼ਹਿਰ ਵਿੱਚ ਆਯੋਜਿਤ ਕੀਤਾ ਗਿਆ ਸੀ ਜਿਸ ਵਿੱਚ ਦੇਸ਼ ਭਰ ਤੋਂ 10 ਹਜ਼ਾਰ ਤੋਂ ਵੱਧ ਹਿੰਦੀ ਪ੍ਰੇਮੀ/ਹਿੰਦੀ ਵਰਕਰ ਮਾਨਯੋਗ ਦੀ ਅਗਵਾਈ ਵਿੱਚ ਪਹੁੰਚੇ ਸਨ। ਜਿਸ ਵਿੱਚ ਗ੍ਰਹਿ ਮੰਤਰੀ ਨੇ ਹਿੱਸਾ ਲਿਆ।

ਪ੍ਰੋਗਰਾਮ ਵਿੱਚ ਬੋਲਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਭਾਸ਼ਾ ਵਿਭਾਗ ਵੱਲੋਂ ਸਰਕਾਰੀ ਭਾਸ਼ਾ ਹਿੰਦੀ ਦੀ ਵਰਤੋਂ ਵਿੱਚ ਤਕਨਾਲੋਜੀ ਨੂੰ ਲਗਾਤਾਰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਗੁਣਵੱਤਾ ਵਿੱਚ ਵਾਧਾ ਕੀਤਾ ਗਿਆ ਹੈ। ਹੁਣ ਤੱਕ ਇਸ ਟੂਲ ਵਿੱਚ ਲਗਭਗ 22 ਲੱਖ ਵਾਕਾਂ ਨੂੰ ਸ਼ਾਮਲ ਕੀਤਾ ਜਾ ਚੁੱਕਾ ਹੈ ਅਤੇ ਇਸ ਦਾ ਨਵਾਂ ਸੰਸਕਰਣ (ਮੈਮੋਰਾਈਜ਼ਡ 2.0) ਵੀ ਹਾਲ ਹੀ ਵਿੱਚ ਸੂਰਤ ਵਿੱਚ ਹੋਈ ਸਰਕਾਰੀ ਭਾਸ਼ਾ ਸੰਮੇਲਨ ਵਿੱਚ ਮਾਨਯੋਗ ਗ੍ਰਹਿ ਮੰਤਰੀ ਦੁਆਰਾ ਨਿਊਰਲ ਮਸ਼ੀਨ ਟਰਾਂਸਲੇਸ਼ਨ-ਸਮੇਤ ਲਾਂਚ ਕੀਤਾ ਗਿਆ ਹੈ। ਇਸ ਵਿਚ ਕਈ ਹੋਰ ਨਵੇਂ ਫੀਚਰਸ ਜੋੜੇ ਗਏ ਹਨ, ਜਿਸ ਕਾਰਨ ਇਸ ਦੀ ਉਪਯੋਗਤਾ ਹੋਰ ਵੀ ਵਧ ਗਈ ਹੈ। ਇਸ ਕੜੀ ਵਿੱਚ, ਸਰਕਾਰੀ ਭਾਸ਼ਾ ਵਿਭਾਗ ਦੀ ਇੱਕ ਨਵੀਂ ਪਹਿਲਕਦਮੀ 'ਹਿੰਦੀ ਸ਼ਬਦ ਸਿੰਧੂ' ਹੈ, ਜੋ ਕਿ ਮਾਨਯੋਗ ਗ੍ਰਹਿ ਮੰਤਰੀ ਦੇ ਆਸ਼ੀਰਵਾਦ ਨਾਲ ਸੂਰਤ ਵਿੱਚ ਸ਼ੁਰੂ ਕੀਤੀ ਗਈ ਹੈ ਅਤੇ ਇਸ ਵਿੱਚ ਹੁਣ ਤੱਕ ਲਗਭਗ 51,000 ਸ਼ਬਦਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਵਿੱਚ ਵਿਭਾਗ ਦੁਆਰਾ ਲਗਾਤਾਰ ਅੱਪਡੇਟ ਕੀਤਾ ਜਾ ਰਿਹਾ ਹੈ ਅਤੇ ਨਵੇਂ ਸ਼ਬਦਾਂ ਨੂੰ ਜੋੜ ਕੇ ਭਰਪੂਰ ਕੀਤਾ ਜਾ ਰਿਹਾ ਹੈ। ਅੰਮ੍ਰਿਤ ਮਹੋਤਸਵ ਮੌਕੇ ਜਾਰੀ ਕੀਤੇ ਗਏ ਇਸ ਡਿਕਸ਼ਨਰੀ ਵਿੱਚ ਕਾਨੂੰਨ, ਤਕਨਾਲੋਜੀ, ਸਿਹਤ, ਪੱਤਰਕਾਰੀ ਅਤੇ ਵਪਾਰ ਆਦਿ ਖੇਤਰਾਂ ਦੇ ਵੱਖ-ਵੱਖ ਭਾਰਤੀ ਭਾਸ਼ਾਵਾਂ ਦੇ ਪ੍ਰਸਿੱਧ ਸ਼ਬਦਾਂ ਨੂੰ ਸ਼ਾਮਲ ਕਰਕੇ ਤਿਆਰ ਕੀਤਾ ਗਿਆ ਹੈ, ਜੋ ਕਿ ਆਸਾਨ ਹਵਾਲੇ ਲਈ ਵਧੀਆ ਡਿਕਸ਼ਨਰੀ ਦਾ ਕੰਮ ਕਰੇਗਾ। ਆਉਣ ਵਾਲੇ ਸਮੇਂ ਵਿੱਚ ਅਸਰਦਾਰ ਹੋਵੇਗਾ।

ਇਸ ਮੌਕੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਗ੍ਰਹਿ ਮੰਤਰਾਲੇ ਦੇ ਰਾਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਸ੍ਰੀ ਬੀ.ਐਲ.ਮੀਨਾ ਨੇ ਕਿਹਾ ਕਿ ਪ੍ਰੇਰਨਾ, ਉਤਸ਼ਾਹ ਅਤੇ ਸਦਭਾਵਨਾ ਦੇ ਆਧਾਰ 'ਤੇ ਸੰਘ ਦੀ ਰਾਜ ਭਾਸ਼ਾ ਨੀਤੀ ਦੇ ਅਨੁਸਾਰ ਰਾਜ ਭਾਸ਼ਾ ਵਿਭਾਗ ਵੱਲੋਂ ਖੇਤਰੀ ਭਾਸ਼ਾਵਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਕਾਨਫਰੰਸਾਂ ਸਾਲ 1985 ਤੋਂ ਲਗਾਤਾਰ ਕਰਵਾਈਆਂ ਜਾ ਰਹੀਆਂ ਹਨ ਅਤੇ ਹੁਣ ਤੱਕ ਦੇਸ਼ ਭਰ ਵਿੱਚ ਕੁੱਲ 109 ਕਾਨਫਰੰਸਾਂ ਹੋ ਚੁੱਕੀਆਂ ਹਨ। ਮੀਨਾ ਨੇ ਕਿਹਾ ਕਿ ਇਨ੍ਹਾਂ ਖੇਤਰੀ ਕਾਨਫ਼ਰੰਸਾਂ ਦਾ ਮੰਤਵ ਰਾਜ ਭਾਸ਼ਾ ਨੀਤੀ ਨੂੰ ਲਾਗੂ ਕਰਨ ਵਿੱਚ ਆ ਰਹੀਆਂ ਮੁਸ਼ਕਲਾਂ ਦਾ ਹੱਲ ਲੱਭਣਾ ਹੈ ਅਤੇ ਇਸ ਦਿਸ਼ਾ ਵਿੱਚ ਵਧੀਆ ਕੰਮ ਕਰਨ ਵਾਲਿਆਂ ਨੂੰ ਉਤਸ਼ਾਹਿਤ ਕਰਨਾ ਹੈ। ਇਸ ਮੌਕੇ ਰਾਜ ਭਾਸ਼ਾ ਵਿਭਾਗ ਦੇ ਡਾਇਰੈਕਟਰ ਰਾਕੇਸ਼ ਬੀ. ਸਾਂਝੇ ਤੌਰ 'ਤੇ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ।

# ਵਿਜੀਲੈਂਸ ਜਾਗਰੂਕਤਾ ਹਫ਼ਤਾ ਸ਼ੁਰੂ, ਵਿਜੀਲੈਂਸ ਬਿਊਰੋ ਵੱਲੋਂ ਪੰਜਾਬ ਭਰ ਵਿੱਚ ਜਾਗਰੂਕਤਾ ਫੈਲਾਉਣ ਲਈ ਮੁਹਿੰਮ ਦੀ ਸ਼ੁਰੂਆਤ

## ਭ੍ਰਿਸ਼ਟਾਚਾਰ ਦੇ ਖਾਤਮੇ ਲਈ ਲੋਕਾਂ ਦੀ ਜਾਗਰੂਕਤਾ ਅਹਿਮ ਭੂਮਿਕਾ ਨਿਭਾਏਗੀ : ਵਰਿੰਦਰ ਕੁਮਾਰ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਸਮਾਜ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਉਤਸ਼ਾਹਿਤ ਕਰਨ ਲਈ, ਅੱਜ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ 'ਵਿਜੀਲੈਂਸ ਜਾਗਰੂਕਤਾ ਹਫ਼ਤਾ' ਮਨਾਉਂਦਿਆਂ ਆਪਣੇ ਅਧਿਕਾਰੀਆਂ/ਕਰਮਚਾਰੀਆਂ ਨੂੰ ਜਾਗਰੂਕ ਕੀਤਾ ਗਿਆ।

ਇਸ ਜਾਗਰੂਕਤਾ ਹਫਤੇ ਦੀ ਸ਼ੁਰੂਆਤ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਸੂਬੇ 'ਚ ਭ੍ਰਿਸ਼ਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਲਈ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ 'ਚ ਲੋਕਾਂ ਨੂੰ ਸਹਿਯੋਗ ਦੇਣ ਦਾ ਸੰਦੇਸ਼ ਦਿੱਤਾ ਹੈ। ਪੰਜਾਬ ਦੇ ਮੁੱਖ ਮੰਤਰੀ ਨੇ ਲੋਕਾਂ ਨੂੰ ਐਂਟੀ ਕਰੱਪਸ਼ਨ ਐਕਸ਼ਨ ਲਾਈਨ ਵਟਸਐਪ ਨੰਬਰ 95012-00200 'ਤੇ ਸਹੀ ਜਾਣਕਾਰੀ ਭੇਜਣ ਲਈ ਕਿਹਾ ਹੈ ਅਤੇ ਵਿਸ਼ਵਾਸ਼ ਦਿਵਾਇਆ ਹੈ ਕਿ ਭ੍ਰਿਸ਼ਟਚਾਰ ਵਿੱਚ ਸ਼ਾਮਲ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਸੂਬੇ ਭਰ ਵਿੱਚ 31 ਅਕਤੂਬਰ ਤੋਂ 6 ਨਵੰਬਰ ਤੱਕ 'ਵਿਜੀਲੈਂਸ ਜਾਗਰੂਕਤਾ ਹਫ਼ਤਾ' ਮਨਾਇਆ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਏ.ਡੀ.ਜੀ.ਪੀ.-ਕਮ-ਚੀਫ਼ ਡਾਇਰੈਕਟਰ ਸ਼੍ਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਇਹ ਸਪਤਾਹ ਮਨਾਉਣ ਦਾ ਉਦੇਸ਼ ਸਰਕਾਰੀ ਦਫ਼ਤਰਾਂ ਅਤੇ ਸਮਾਜ ਵਿੱਚੋਂ ਭ੍ਰਿਸ਼ਟਾਚਾਰ ਦੇ ਖ਼ਾਤਮੇ ਲਈ ਅਹਿਮ ਭੂਮਿਕਾ ਨਿਭਾਉਣ ਵਾਸਤੇ ਆਮ ਲੋਕਾਂ ਨੂੰ ਜਾਗਰੂਕ ਕਰਨਾ ਹੈ।

ਉਨ੍ਹਾਂ ਕਿਹਾ ਕਿ 'ਭ੍ਰਿਸ਼ਟਾਚਾਰ ਮੁਕਤ ਸੂਬਾ' ਯਕੀਨੀ ਬਣਾਉਣ ਲਈ ਲੋਕਾਂ ਦੀ ਸਰਗਰਮ ਭੂਮਿਕਾ ਵਾਸਤੇ ਸਾਡੇ ਲਗਾਤਾਰ ਯਤਨਾਂ ਦੇ ਹਿੱਸੇ ਵਜੋਂ ਇਹ ਜਾਗਰੂਕਤਾ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਹਫ਼ਤੇ ਦੌਰਾਨ ਅਧਿਕਾਰੀਆਂ ਨੂੰ ਰੋਕਥਾਮ ਉਪਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਪਾਰਦਰਸ਼ਤਾ ਅਤੇ ਜਵਾਬਦੇਹੀ ਬਰਕਰਾਰ ਰੱਖੀ ਜਾ ਸਕੇ।

ਉਹਨਾਂ ਅੱਗੇ ਦੱਸਿਆ ਕਿ ਇਸ ਜਾਗਰੂਕਤਾ ਹਫ਼ਤੇ ਦਾ ਮੰਤਵ ਕੇਂਦਰੀ ਵਿਜੀਲੈਂਸ ਕਮਿਸ਼ਨ ਵੱਲੋਂ ਸੰਕਲਪਿਤ 'ਵਿਕਸਿਤ ਰਾਸ਼ਟਰ ਲਈ ਭ੍ਰਿਸ਼ਟਾਚਾਰ ਮੁਕਤ ਭਾਰਤ' ਦੇ ਆਸ਼ੇ ਤਹਿਤ ਭ੍ਰਿਸ਼ਟਾਚਾਰ ਮੁਕਤ ਸਮਾਜ ਦੀ ਸਿਰ-ਜਣਾ ਕਰਨਾ ਹੈ।

ਵਿਜੀਲੈਂਸ ਬਿਊਰੋ ਦੇ ਮੁਖੀ ਨੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੁਸ਼ਲਤਾ ਨਾਲ ਕੰਮ ਕਰਨ ਅਤੇ ਲੰਬਿਤ ਵਿਜੀਲੈਂਸ ਕੇਸਾਂ ਦਾ ਜਲਦ ਨਿਪਟਾਰਾ ਕਰਨ ਲਈ ਕਿਹਾ।

ਵਿਜੀਲੈਂਸ ਜਾਗਰੂਕਤਾ ਹਫ਼ਤੇ ਦੀ ਸ਼ੁਰੂਆਤ ਮੌਕੇ ਵਿਜੀਲੈਂਸ ਬਿਊਰੋ ਦੇ ਸੰਯੁਕਤ ਡਾਇਰੈਕਟਰ ਪ੍ਰਸ਼ਾਸਨ ਕੰਵਲਦੀਪ ਸਿੰਘ ਨੇ ਬਿਊਰੋ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਮਾਨਦਾਰੀ ਦੀ ਸਹੁੰ ਚੁਕਾਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਜੀਲੈਂਸ ਬਿਊਰੋ ਦੇ ਡਾਇਰੈਕਟਰ ਰਾਹੁਲ ਐਸ. ਅਤੇ ਮੁੱਖ ਦਫਤਰ ਦੇ ਸਮੂਹ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

ਇਸ ਦੌਰਾਨ ਸਾਰੀਆਂ ਵਿਜੀਲੈਂਸ ਰੇਂਜਾਂ ਅਤੇ ਸਬ ਡਵੀਜ਼ਨਾਂ ਵਿੱਚ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ ਗਿਆ ਜਿੱਥੇ ਫੀਲਡ ਅਫਸਰਾਂ ਨੇ ਵਿਜੀਲੈਂਸ ਸਟਾਫ ਨੂੰ ਇਮਾਨਦਾਰੀ ਦੀ ਸਹੁੰ ਚੁਕਾਈ। ਰੇਂਜ ਦੇ ਐਸ.ਐਸ.ਪੀਜ਼ ਨੇ ਇਸ ਜਾਗਰੂਕਤਾ ਹਫ਼ਤੇ ਦੌਰਾਨ ਵਿੱਦਿਅਕ ਸੰਸਥਾਵਾਂ ਅਤੇ ਦਫ਼ਤਰਾਂ ਵਿੱਚ ਕਰਵਾਏ ਜਾਣ ਵਾਲੇ ਵੱਖ-ਵੱਖ ਜਾਗਰੂਕਤਾ ਪ੍ਰੋਗਰਾਮ ਦੀ ਰੂਪ-ਰੇਖਾ ਵੀ ਉਲੀਕੀ।

# ਮੁੱਖ ਸਕੱਤਰ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਕੰਟਰੋਲ ਕਰਨ ਦੀਆਂ ਹਦਾਇਤਾਂ

## -ਪਰਾਲੀ ਨੂੰ ਅੱਗ ਨਾ ਲਾਉਣ ਲਈ ਨੰਬਰਦਾਰ ਕਿਸਾਨਾਂ ਨੂੰ ਕਰਨਗੇ ਜਾਗਰੂਕ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਰੋਕਣ ਦੀਆਂ ਕੋਸ਼ਿਸ਼ਾਂ ਤਹਿਤ ਅੱਜ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ ਨੇ ਪਰਾਲੀ ਸਾੜੇ ਜਾਣ ਵਾਲੇ ਸੰਭਾਵਤ ਖੇਤਰਾਂ 'ਚ ਅਜਿਹੀਆਂ ਘਟਨਾਵਾਂ ਨੂੰ ਕੰਟਰੋਲ ਕਰਨ ਦੀਆਂ ਹਦਾਇਤਾਂ ਦਿੱਤੀਆਂ।

ਪਿਛਲੇ ਦਿਨਾਂ ਦੌਰਾਨ ਸਾਰੇ ਜ਼ਿਲ੍ਹਿਆਂ ਦਾ ਦੌਰਾ ਕਰਕੇ ਆਏ ਸਕੱਤਰ ਇੰਚਾਰਜਾਂ ਤੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਦਾ ਜਾਇਜ਼ਾ ਅਤੇ ਮੁਕਾਮੀ ਪੱਧਰ ਦੀ ਸਥਿਤੀ ਅਨੁਸਾਰ ਸੁਝਾਅ ਲੈਂਦਿਆਂ ਮੁੱਖ ਸਕੱਤਰ ਨੇ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਰੋਕਣ ਲਈ ਨੰਬਰਦਾਰਾਂ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਹਦਾਇਤ ਵੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨੰਬਰਦਾਰ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰਨ ਅਤੇ ਜਿਨ੍ਹਾਂ ਪਿੰਡਾਂ ਵਿੱਚ ਅੱਗ ਲਾਉਣ ਦੇ ਮਾਮਲੇ ਸਾਹਮਣੇ ਆਉਂਦੇ ਹਨ, ਉਥੋਂ ਦੇ ਨੰਬਰਦਾਰਾਂ ਦੀ ਜਵਾਬਦੇਹੀ ਤੈਅ ਕੀਤੀ ਜਾਵੇ।

ਇਥੇ ਪਰਾਲੀ ਪ੍ਰਬੰਧਨ ਲਈ ਇਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਸਕੱਤਰ ਨੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਕਿ ਅਗਲੇ ਦਿਨਾਂ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਰੋਕਣ ਲਈ ਜ਼ਿਆਦਾ ਤਵੱਜੋ ਦਿੱਤੀ ਜਾਵੇ ਅਤੇ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਕੰਟਰੋਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਾਉਣ ਵਾਲੇ ਹਾਟ-ਸਪਾਟਸ 'ਤੇ ਜ਼ਿਆਦਾ ਫ਼ੋਕਸ ਕੀਤਾ ਜਾਵੇ ਅਤੇ ਜਿਨ੍ਹਾਂ ਪਿੰਡਾਂ ਵਿਚ ਪਿਛਲੇ ਸਾਲਾਂ ਦੌਰਾਨ ਨਾੜ ਨੂੰ ਅੱਗ ਲਾਉਣ ਦੇ ਮਾਮਲੇ ਸਾਹਮਣੇ ਆਉਂਦੇ ਰਹੇ ਹਨ, ਉੱਥੇ ਪ੍ਰਸ਼ਾਸ਼ਨ ਜ਼ਿਆਦਾ ਚੌਕਸੀ ਵਰਤੇ। ਇਸ ਦੇ ਨਾਲ ਹੀ ਪਰਾਲੀ ਨੂੰ ਅੱਗ ਲਾਉਣ ਵਾਲੀਆਂ ਥਾਵਾਂ ਦੀ ਨਿੱਜੀ ਅਤੇ ਸੈਟੇਲਾਈਟ ਵੈਰੀਫ਼ਿਕੇਸ਼ਨ ਜ਼ਿਆਦਾ ਪੁਖ਼ਤਗੀ ਨਾਲ ਕੀਤੀ ਜਾਵੇ। ਉਨ੍ਹਾਂ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦੀ ਨਿੱਜੀ ਅਤੇ ਸੈਟੇਲਾਈਟ ਵੈਰੀਫ਼ਿਕੇਸ਼ਨ ਵਿਧੀ ਰਾਹੀਂ ਗਿਣਤੀ 'ਚ ਵਖਰੇਵੇਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਅਧਿਕਾਰੀ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਵੱਲੋਂ ਆਪਟੀਕਲ ਸੈਟੇਲਾਈਟ ਡਾਟਾ ਵਿਸ਼ਲੇਸ਼ਣ ਜ਼ਰੀਏ ਹਾਸਲ ਖੇਤਰ 'ਤੇ ਧਿਆਨ ਕੇਂਦਰਿਤ ਕਰਨ।

ਜ਼ਿਲ੍ਹਿਆਂ ਦਾ ਦੌਰਾ ਕਰਕੇ ਆਏ ਸਕੱਤਰ ਇੰਚਾਰਜਾਂ ਨੇ ਮੁੱਖ ਸਕੱਤਰ ਨੂੰ ਜਾਣੂ ਕਰਵਾਇਆ ਕਿ ਸੂਬੇ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਵਿੱਚ ਗਿਰਾਵਟ ਪਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ 27 ਅਕਤੂਬਰ 2021 ਤੱਕ ਪਰਾਲੀ ਸਾੜਨ ਵਾਲਾ ਰਕਬਾ 400.35 ਹਜ਼ਾਰ ਹੈਕਟੇਅਰ ਸੀ, ਜੋ 26 ਅਕਤੂਬਰ 2022 ਤੱਕ ਘਟ ਕੇ 295.60 ਹਜ਼ਾਰ ਹੈਕਟੇਅਰ ਰਹਿ ਗਿਆ ਹੈ। ਮੁੱਖ ਸਕੱਤਰ ਨੇ ਅਧਿਕਾਰੀਆਂ ਨੂੰ ਪਰਾਲੀ ਨਾ ਸਾੜਨ ਲਈ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨਾ ਯਕੀਨੀ ਬਣਾਉਣ ਦੇ ਆਦੇਸ਼ ਵੀ ਦਿੱਤੇ। ਉਨ੍ਹਾਂ ਹਦਾਇਤ ਕੀਤੀ ਕਿ ਠੇਕੇ 'ਤੇ ਦਿੱਤੀਆਂ ਸਰਕਾਰੀ ਜ਼ਮੀਨਾਂ ਵਿੱਚ ਪਰਾਲੀ ਸਾੜਨ ਦੀਆਂ ਘਟਨਾਵਾਂ ਬਿਲਕੁਲ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ।

ਉਹਨਾਂ ਨੇ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਪਰਾਲੀ ਨੂੰ ਲੱਗੀ ਅੱਗ ਬੁਝਾਉਣ ਲਈ ਫ਼ਾਇਰ ਬ੍ਰਿਗੇਡ ਦੀਆਂ ਗੱਡੀਆਂ ਵਰਤੋਂ ਵਿੱਚ ਲਿਆਉਣ ਦੇ ਆਦੇਸ਼ ਵੀ ਦਿੱਤੇ। ਗੁਰਦਾਸਪੁਰ ਜ਼ਿਲ੍ਹਾ ਪ੍ਰਸ਼ਾਸਨ ਦੀ ਅਜਿਹੀ ਪਹਿਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਵੀ ਪਰਾਲੀ ਨੂੰ ਅੱਗ ਲਾਉਣ ਦੀ ਘਟਨਾ ਸਾਹਮਣੇ ਆਉਂਦੀ ਹੈ ਤਾਂ ਤੁਰੰਤ ਫ਼ਾਇਰ ਬ੍ਰਿਗੇਡ ਦੀਆਂ ਗੱਡੀਆਂ ਭੇਜ ਕੇ ਅੱਗ ਨੂੰ ਬੁਝਾਇਆ ਜਾਵੇ ਅਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਪਰਾਲੀ ਨੂੰ ਖੇਤਾਂ ਵਿੱਚ ਰਲਾਉਣ ਅਤੇ ਖੇਤਾਂ ਤੋਂ ਬਾਹਰ ਪ੍ਰਬੰਧਾਂ ਸਬੰਧੀ ਜਾਇਜ਼ਾ ਲੈਂਦਿਆਂ ਮੁੱਖ ਸਕੱਤਰ ਨੇ ਪਿੰਡਾਂ ਦੇ ਕਲੱਸਟਰ ਪੱਧਰ 'ਤੇ ਪਰਾਲੀ ਦੀਆਂ ਗੰਢਾਂ ਦੇ ਪਲਾਂਟ ਲਾਉਣ ਦੀਆਂ ਸੰਭਾਵਨਾਵਾਂ ਖੋਜਣ ਲਈ ਵੀ ਅਧਿਕਾਰੀਆਂ ਨੂੰ ਹਦਾਇਤ ਦਿੱਤੀ। ਉਨ੍ਹਾਂ ਕਿਹਾ ਕਿ ਇਸ ਨਾਲ ਪਰਾਲੀ ਦੇ ਤੁਰੰਤ ਪ੍ਰਬੰਧਨ ਵਿੱਚ ਸਹਾਇਤਾ ਮਿਲੇਗੀ।

ਦੱਸ ਦੇਈਏ ਕਿ ਮੁੱਖ ਸਕੱਤਰ ਵੱਲੋਂ ਪਿਛਲੇ ਦਿਨੀਂ 23 ਸੀਨੀਅਰ ਆਈ.ਏ.ਐਸ. ਅਫਸਰਾਂ ਨੂੰ ਸਮੂਹ 23 ਜ਼ਿਲ੍ਹਿਆਂ ਦਾ ਸਕੱਤਰ ਇੰਚਾਰਜ ਲਾਇਆ ਗਿਆ ਸੀ, ਜੋ ਹਰ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ ਅਤੇ ਲੋੜ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਿਰਦੇਸ਼ ਦੇ ਰਹੇ ਹਨ। ਇਸ ਤੋਂ ਇਲਾਵਾ ਮੁੱਖ ਸਕੱਤਰ ਵੱਲੋਂ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਨੂੰ ਠੱਲ੍ਹਣ ਲਈ ਹਰ ਹਫ਼ਤੇ ਡੂੰਘਾਈ ਨਾਲ ਸਮੀਖਿਆ ਕੀਤੀ ਜਾ ਰਹੀ ਹੈ।

# ਹੁਣ ਵਟਸਐਪ ਰਾਹੀਂ ਮਿਲੇਗੀ 2 ਏਕੜ ਤੱਕ ਦੇ ਰਕਬੇ ਵਿੱਚੋਂ 3 ਫੁੱਟ ਤੱਕ ਮਿੱਟੀ ਦੀ ਪੁਟਾਈ ਸਬੰਧੀ ਪ੍ਰਵਾਨਗੀ : ਹਰਜੋਤ ਬੈਂਸ

## -ਵਿਭਾਗ ਤੋਂ ਪ੍ਰਵਾਨਗੀ ਲੈਣ ਲਈ ਵਟਸਐਪ ਨੰਬਰ 99140-09095 ਜਾਰੀ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਮਿੱਟੀ ਦੀ ਪੁਟਾਈ ਸਬੰਧੀ ਪ੍ਰਵਾਨਗੀ ਦੀ ਪ੍ਰੀਕਿਰਿਆ ਨੂੰ ਹੋਰ ਸੁਖਾਲਾ ਬਣਾ ਦਿੱਤਾ ਹੈ। ਮਾਨ ਸਰਕਾਰ ਦੇ ਇਸ ਫ਼ੈਸਲੇ ਨਾਲ ਪੰਜਾਬ ਰਾਜ ਵਿੱਚ ਹੁਣ 2 ਏਕੜ ਤੱਕ ਦੇ ਰਕਬੇ ਵਿੱਚੋਂ 3 ਫੁੱਟ ਤੱਕ ਮਿੱਟੀ ਦੀ ਪੁਟਾਈ ਸਬੰਧੀ ਪ੍ਰਵਾਨਗੀ ਵਟਸਐਪ ਮੈਸਜ਼ ਰਾਹੀਂ ਲਈ ਜਾ ਸਕੇਗੀ। ਇਹ ਜਾਣਕਾਰੀ ਪੰਜਾਬ ਰਾਜ ਦੇ ਖਣਨ ਤੇ ਭੂ-ਵਿਗਿਆਨ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਦਿੱਤੀ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ. ਬੈਂਸ ਨੇ ਦੱਸਿਆ ਕਿ ਉਹਨਾਂ ਦੇ ਧਿਆਨ ਵਿੱਚ ਆਇਆ ਸੀ ਕਿ ਤਤਕਾਲੀਨ ਕਾਂਗਰਸ ਸਰਕਾਰ ਵੱਲੋਂ ਸੂਬੇ ਵਿੱਚ 'ਸੈਂਡ ਐਂਡ ਗਰੇਵਲ ਮਾਨਿਇੰਗ ਪਾਲਿਸੀ-2021' ਤਹਿਤ 2 ਏਕੜ ਤੱਕ ਦੇ ਖੇਤਰ ਵਿੱਚ 3 ਫੁੱਟ ਤੱਕ ਹੱਥੀਂ ਮਿੱਟੀ ਕੱਢਣ ਵਿੱਚ ਪ੍ਰਵਾਨਗੀ ਦਿੱਤੀ ਗਈ ਸੀ। ਜਿਸ ਕਾਰਨ ਲੋਕਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਅਤੇ ਦਫ਼ਤਰੀ ਚੱਕਰ ਵੀ ਲਗਾਉਣੇ ਪੈਂਦੇ ਸਨ। ਇਸ ਦੇ ਨਾਲ ਹੀ ਜੇਕਰ ਕੋਈ ਵਿਅਕਤੀ ਮਸ਼ੀਨ ਦੀ ਵਰਤੋਂ ਕਰਦਾ ਸੀ, ਤਾਂ ਉਸ ਖ਼ਿਲਾਫ਼ ਮਾਈਨਿੰਗ ਦਾ ਪਰਚਾ ਦਰਜ ਹੋ ਜਾਂਦਾ ਸੀ।

ਉਹਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਔਕੜ ਭਰੀ ਪ੍ਰਕਿਰਿਆ ਨੂੰ ਸੁਖਾਲਾ ਬਣਾਉਣ ਲਈ ਮਸ਼ੀਨਾਂ ਦੀ ਵਰਤੋਂ ਕਰਨ ਦੀ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਇਸ ਪ੍ਰਕਿਰਿਆ ਨੂੰ ਹੋਰ ਸੁਖਾਲਾ ਬਣਾਉਣ ਲਈ ਹੁਣ 2 ਏਕੜ ਤੱਕ ਦੇ ਰਕਬੇ ਵਿੱਚੋਂ 3 ਫੁੱਟ ਤੱਕ ਮਿੱਟੀ ਦੀ ਪੁਟਾਈ ਸਬੰਧੀ ਪ੍ਰਵਾਨਗੀ ਵਟਸਐਪ ਮੈਸਜ਼ ਰਾਹੀਂ ਦੇਣ ਦਾ ਦਫ਼ਤਰੀ ਹੁਕਮ ਜਾਰੀ ਕੀਤਾ ਗਿਆ ਹੈ। ਇਸ ਹੁਕਮ ਰਾਹੀਂ ਜਿਸ ਕਿਸੇ ਨੇ ਵੀ 2 ਏਕੜ ਤੱਕ ਦੇ ਰਕਬੇ ਵਿੱਚੋਂ 3 ਫੁੱਟ ਤੱਕ ਮਿੱਟੀ ਦੀ ਪੁਟਾਈ ਸਬੰਧੀ ਪ੍ਰਵਾਨਗੀ ਵਟਸਐਪ ਮੈਸਜ਼ ਰਾਹੀਂ ਮਿਲੇਗੀ। ਪ੍ਰਵਾਨਗੀ ਲੈਣ ਲਈ ਬੇਨਤੀ ਕਰਤਾ ਨੂੰ ਆਪਣਾ ਨਾਮ/ ਪਿਤਾ ਦਾ ਨਾਮ, ਪਿੰਡ ਦਾ ਨਾਮ, ਪਿੰਡ ਦੇ ਸਰਪੰਚ ਦਾ ਨਾਮ, ਤਹਿਸੀਲ/ ਜ਼ਿਲ੍ਹੇ ਦਾ ਨਾਮ, ਆਧਾਰ ਕਾਰਡ ਨੰਬਰ, ਮੋਬਾਈਲ ਨੰਬਰ ਅਤੇ ਜਿਸ ਥਾਂ ਦੀ ਖ਼ੁਦਾਈ ਕੀਤੀ ਜਾਣੀ , ਉਸ ਦੀ ਮਾਲ ਰਿਕਾਰਡ ਅਨੁਸਾਰ ਨੰਬਰ ਹਦਬਸਤ ਵਟਸਐਪ ਨੰਬਰ 99140-09095 'ਤੇ ਭੇਜੇਗਾ।

ਇਸ ਨਾਲ ਆਮ ਲੋਕਾਂ ਅਤੇ ਜ਼ਿੰਮੀਦਾਰਾਂ ਨੂੰ ਆਪਣੇ ਘਰਾਂ ਜਾਂ ਹੋਰ ਕੰਮਾਂ ਲਈ ਖੇਤਾਂ ਵਿੱਚੋਂ ਮਿੱਟੀ ਲੈ ਜਾਣਾ ਆਸਾਨ ਹੋ ਜਾਵੇਗਾ।

ਬੈਂਸ ਨੇ ਦੱਸਿਆ ਕਿ ਸੂਚਨਾ ਮੁਕੰਮਲ ਤੇ ਸਹੀ ਹੋਣ ਦੀ ਸੂਰਤ ਵਿੱਚ ਨੋਡਲ ਅਫ਼ਸਰ ਬੇਨਤੀ ਕਰਤਾ ਨੂੰ ਯੂਨੀਕ ਆਈਡੈਂਟੀਫਿਕੇਸ਼ਨ ਨੰਬਰ ਵਟਸਟਐਪ ਜਾਂ ਟੈਕਸਟ ਮੈਸੇਜ ਰਾਹੀਂ ਜਾਰੀ ਕਰੇਗਾ।

ਉਹਨਾਂ ਇਹ ਵੀ ਸਪਸ਼ਟ ਕੀਤਾ ਕਿ ਜੇਕਰ ਕੋਈ ਗਲਤ ਤੱਥ ਦੇ ਕੇ ਪੁਟਾਈ ਸੰਬਧੀ ਪ੍ਰਵਾਨਗੀ ਲਵੇਗਾ ਅਤੇ ਵਿਭਾਗੀ ਜਾਂਚ ਦੌਰਾਨ ਵੱਧ ਖੁਦਾਈ ਕਰਨ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸਬੰਧਤ ਖ਼ਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਅਮਲ ਵਿੱਚ ਲਿਆਉਂਦੀ ਜਾਵੇਗੀ।

# ਨਸ਼ਿਆਂ ਵਿਰੁੱਧ ਜੰਗ ਦੇ 4 ਮਹੀਨਿਆਂ ਦੌਰਾਨ ਪੰਜਾਬ ਪੁਲਿਸ ਨੇ 1097 ਵੱਡੀਆਂ ਮੱਛੀਆਂ ਸਮੇਤ 6997 ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫਤਾਰ, 406.5 ਕਿਲੋ ਹੈਰੋਇਨ ਕੀਤੀ ਬਰਾਮਦ

## - ਪੁਲਿਸ ਟੀਮਾਂ ਨੇ 5 ਜੁਲਾਈ ਤੋਂ ਹੁਣ ਤੱਕ 4.49 ਕਰੋੜ ਰੁਪਏ ਦੀ ਡਰੱਗ ਮਨੀ, 300 ਕਿਲੋ ਅਫੀਮ, 197 ਕਿਲੋ ਗਾਂਜਾ, 293 ਕੁਇੰਟਲ ਭੁੱਕੀ ਅਤੇ 27.56 ਲੱਖ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਕੀਤੀਆਂ ਬਰਾਮਦ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨਸ਼ਿਆਂ ਨੂੰ ਜੜ੍ਹੋਂ ਪੁੱਟਣ ਲਈ ਵਿੱਢੀ ਜੰਗ ਪੰਜਵੇਂ ਮਹੀਨੇ ਵਿੱਚ ਦਾਖਲ ਹੋ ਗਈ ਹੈ, ਜਿਸ ਤਹਿਤ ਪੰਜਾਬ ਪੁਲਿਸ ਨੇ 5 ਜੁਲਾਈ 2022 ਤੋਂ ਹੁਣ ਤੱਕ 1097 ਵੱਡੀਆਂ ਮੱਛੀਆਂ ਸਮੇਤ 6997 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਸਮੇਂ ਦੌਰਾਨ ਪੁਲਿਸ ਵੱਲੋਂ 580 ਵਪਾਰਕ ਮਾਮਲਿਆਂ ਸਮੇਤ ਕੁੱਲ 5346 ਐਫ.ਆਈ.ਆਰਜ਼ ਦਰਜ ਕੀਤੀਆਂ ਗਈਆਂ ਹਨ।

ਅੱਜ ਇੱਥੇ ਆਪਣੀ ਹਫ਼ਤਾਵਾਰੀ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਨੇ ਦੱਸਿਆ ਕਿ ਪੁਲਿਸ ਟੀਮਾਂ ਨੇ ਸੂਬੇ ਭਰ ਦੀਆਂ ਸੰਵੇਦਨਸ਼ੀਲ ਥਾਵਾਂ ਅਤੇ ਨਸ਼ਾ ਪ੍ਰਭਾਵਿਤ ਇਲਾਕਿਆਂ 'ਚ ਨਾਕਾਬੰਦੀ ਅਤੇ ਤਲਾਸ਼ੀ ਮੁਹਿੰਮ ਚਲਾ ਕੇ 259.7 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਤੋਂ ਇਲਾਵਾ, ਪੰਜਾਬ ਪੁਲਿਸ ਦੀਆਂ ਟੀਮਾਂ ਵੱਲੋਂ ਗੁਜਰਾਤ ਅਤੇ ਮਹਾਰਾਸ਼ਟਰ ਦੀਆਂ ਬੰਦਰਗਾਹਾਂ ਤੋਂ 147.5 ਕਿਲੋਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਸੀ, ਜਿਸ ਨਾਲ ਸਿਰਫ਼ ਚਾਰ ਮਹੀਨਿਆਂ ਵਿੱਚ ਹੈਰੋਇਨ ਦੀ ਕੁੱਲ ਰਿਕਵਰੀ 406.5 ਕਿਲੋਗ੍ਰਾਮ ਹੋ ਗਈ ਹੈ।

ਆਈਜੀਪੀ ਨੇ ਦੱਸਿਆ ਕਿ ਹੈਰੋਇਨ ਦੀ ਵੱਡੀ ਖੇਪ ਬਰਾਮਦ ਕਰਨ ਤੋਂ ਇਲਾਵਾ ਪੁਲਿਸ ਨੇ ਸੂਬੇ ਭਰ ਵਿੱਚੋਂ 300 ਕਿਲੋ ਅਫੀਮ, 197.2 ਕਿਲੋ ਗਾਂਜਾ, 293 ਕੁਇੰਟਲ ਭੁੱਕੀ ਅਤੇ ਫਾਰਮਾ ਓਪੀਓਡਜ਼ ਦੀਆਂ 27.56 ਲੱਖ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਵੀ ਬਰਾਮਦ ਕੀਤੀਆਂ ਹਨ। ਪੁਲੀਸ ਨੇ ਇਨ੍ਹਾਂ ਚਾਰ ਮਹੀਨਿਆਂ ਵਿੱਚ ਗ੍ਰਿਫ਼ਤਾਰ ਕੀਤੇ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 4.49 ਕਰੋੜ ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਦੋ ਹਫ਼ਤੇ ਦੌਰਾਨ ਹੋਈ ਡਰੱਗ ਰਿਕਵਰੀ ਦੇ ਵੇਰਵਿਆਂ ਬਾਰੇ ਜਾਣਕਾਰੀ ਦਿੰਦਿਆਂ ਆਈਜੀਪੀ ਨੇ ਦੱਸਿਆ ਕਿ ਪੰਜਾਬ ਪੁਲਿਸ ਨੇ ਪਿਛਲੇ ਦੋ ਹਫ਼ਤਿਆਂ ਵਿੱਚ 54 ਵਪਾਰਕ ਮਾਮਲਿਆਂ ਸਮੇਤ 399 ਐੱਫ.ਆਈ.ਆਰਜ਼ ਦਰਜ ਕਰਕੇ 508 ਨਸ਼ਾ ਤਸਕਰਾਂ/ਸਪਲਾਇਰਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਹਨਾਂ ਕੋਲੋਂ 26.5 ਕਿਲੋ ਹੈਰੋਇਨ, 17 ਕਿਲੋ ਅਫੀਮ, 13.8 ਕਿਲੋ ਗਾਂਜਾ, 19 ਕੁਇੰਟਲ ਭੁੱਕੀ, ਫਾਰਮਾ ਓਪੀਓਡਜ਼ ਦੀਆਂ 1.20 ਲੱਖ ਗੋਲੀਆਂ/ਕੈਪਸੂਲ/ਟੀਕੇ/ਸ਼ੀਸ਼ੀਆਂ ਤੋਂ ਇਲਾਵਾ 4.5 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ।

ਉਨ੍ਹਾਂ ਕਿਹਾ ਕਿ 5 ਜੁਲਾਈ, 2022 ਨੂੰ ਭਗੌੜਿਆਂ ਨੂੰ ਗ੍ਰਿਫ਼ਤਾਰ ਕਰਨ ਲਈ ਸ਼ੁਰੂ ਕੀਤੀ ਵਿਸ਼ੇਸ਼ ਮੁਹਿੰਮ ਤਹਿਤ ਪਿਛਲੇ ਦੋ ਹਫ਼ਤਿਆਂ ਵਿੱਚ ਐਨਡੀਪੀਐਸ ਕੇਸਾਂ ਵਿੱਚ 07 ਹੋਰ ਭਗੌੜੇ ਗ੍ਰਿਫ਼ਤਾਰ ਕੀਤੇ ਜਾਣ ਨਾਲ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ 383 ਹੋ ਗਈ ਹੈ।

ਦੱਸਣਯੋਗ ਹੈ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਖ਼ਤ ਹਦਾਇਤਾਂ ਦਿੱਤੀਆਂ ਸਨ ਕਿ ਉਹ ਹਰੇਕ ਮਾਮਲੇ ਖਾਸ ਤੌਰ 'ਤੇ ਡਰੱਗ ਰਿਕਵਰੀ ਨਾਲ ਸਬੰਧਤ ਮਾਮਲਿਆਂ ਵਿੱਚ ਅਗਲੇ-ਪਿਛਲੇ ਸਬੰਧਾਂ ਦੀ ਬਾਰੀਕੀ ਨਾਲ ਜਾਂਚ ਕਰਨ, ਭਾਵੇਂ ਇਹ ਨਸ਼ੇ ਦੀ ਮਾਮੂਲੀ ਮਾਤਰਾ ਦੀ ਬਰਾਮਦੀ ਹੀ ਹੋਵੇ।

ਜ਼ਿਕਰਯੋਗ ਹੈ ਕਿ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਪੰਜਾਬ ਤੋਂ ਨਸ਼ਿਆਂ ਦੀ ਅਲਾਮਤ ਨੂੰ ਨੱਥ ਪਾਉਣ ਲਈ ਵਿਆਪਕ ਨਸ਼ਾ ਵਿਰੋਧੀ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਡੀਜੀਪੀ ਵੱਲੋਂ ਸਾਰੇ ਸੀਪੀਜ਼/ਐਸਐਸਪੀਜ਼ ਨੂੰ ਸਾਰੇ ਨਾਮੀ ਨਸ਼ਾ ਤਸਕਰਾਂ ਨੂੰ ਕਾਬੂ ਕਰਨ ਅਤੇ ਆਪਣੇ ਅਧਿਕਾਰ ਖੇਤਰਾਂ ਵਿੱਚ ਨਸ਼ਾ ਤਸਕਰੀ ਵਾਲੇ ਸੰਵੇਦਨਸ਼ੀਲ ਸਥਾਨਾਂ ਦੀ ਸ਼ਨਾਖਤ ਦੇ ਸਖ਼ਤ ਹੁਕਮ ਦਿੱਤੇ ਗਏ ਹਨ। ਉਹਨਾਂ ਪੁਲਿਸ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਫੜੇ ਗਏ ਸਾਰੇ ਨਸ਼ਾ ਤਸਕਰਾਂ ਦੀ ਜਾਇਦਾਦ ਜ਼ਬਤ ਕੀਤੀ ਜਾਵੇ ਤਾਂ ਜੋ ਉਹਨਾਂ ਤੋਂ ਨਜਾਇਜ਼ ਰਾਸ਼ੀ ਬਰਾਮਦ ਕੀਤੀ ਜਾ ਸਕੇ।

# ਚੀਫ਼ ਜਸਟਿਸ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ 10 ਵਧੀਕ ਜੱਜਾਂ ਨੂੰ ਸਹੁੰ ਚੁਕਾਈ



ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ): ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਚੀਫ਼ ਜਸਟਿਸ ਸ਼੍ਰੀ ਰਵੀ ਸ਼ੰਕਰ ਝਾਅ ਨੇ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ 10 ਨਵੇ ਵਧੀਕ ਜੱਜਾਂ ਨੂੰ ਇੱਕ ਸਾਦੇ ਅਤੇ ਪਰਿਭਾਵਸ਼ਾਲੀ ਸਮਾਗਮ ਦੌਰਾਨ ਅਹੁਦੇ ਦੀ ਸਹੁੰ ਚੁਕਾਈ।

ਹਾਈਕੋਰਟ ਦੇ ਬੁਲਾਰੇ ਨੇ ਦੱਸਿਆ ਕਿ ਅੱਜ ਜ਼ਿਨ੍ਹਾਂ ਨੂੰ ਸਹੁੰ ਚੁਕਾਈ ਗਈ ਉਨ੍ਹਾਂ ਵਿੱਚ ਵਧੀਕ ਜੱਜ ਸ਼੍ਰੀ ਕੁਲਦੀਪ ਤਿਵਾੜੀ, ਸ਼੍ਰੀ ਗੁਰਬੀਰ ਸਿੰਘ, ਸ਼੍ਰੀ ਦੀਪਕ ਗੁਪਤਾ, ਸ਼੍ਰੀਮਤੀ ਅਮਰਜੋਤ ਭੱਟੀ, ਸ਼੍ਰੀਮਤੀ ਰਿਤੂ ਟੈਗੋਰ, ਸ਼੍ਰੀਮਤੀ ਮਨੀਸ਼ਾ ਬੱਤਰਾ, ਮਿਸ ਹਰਪ੍ਰੀਤ ਕੌਰ ਜੀਵਨ, ਸ਼੍ਰੀਮਤੀ ਸੁਖਵਿੰਦਰ ਕੌਰ, ਸ਼੍ਰੀ ਸੰਜੀਵ ਬੇਰੀ ਅਤੇ ਸ਼੍ਰੀ ਵਿਕਰਮ ਅਗਰਵਾਲ ਸ਼ਾਮਲ ਹਨ। ਇਸ ਮੌਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜ ਅਤੇ ਵਕੀਲ ਵੀ ਸ਼ਾਮਲ ਸਨ। ਬੁਲਾਰੇ ਨੇ ਦੱਸਿਆ ਕਿ ਹੁਣ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਜੱਜਾਂ ਦੀ ਗਿਣਤੀ 56 ਤੋਂ ਵੱਧ ਕੇ 66 ਹੋ ਗਈ ਹੈ।

# ਵਿਜੀਲੈਂਸ ਵੱਲੋਂ ਮਾਲ ਪਟਵਾਰੀ ਗ੍ਰਿਫ਼ਤਾਰ, ਏ.ਐਸ.ਆਈ. ਖਿਲਾਫ ਰਿਸ਼ਵਤ ਲੈਣ ਦਾ ਕੇਸ ਦਰਜ

ਚੰਡੀਗੜ, 3 ਨਵੰਬਰ : ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੌਰਾਨ ਅੱਜ ਇੱਕ ਮਾਲ ਪਟਵਾਰੀ ਨੂੰ 3,500 ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਅਤੇ ਇੱਕ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਵਿਰੁੱਧ 30,000 ਰੁਪਏ ਰਿਸ਼ਵਤ ਲੈਣ ਸਬੰਧੀ ਮੁਕੱਦਮਾ ਦਰਜ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪਟਵਾਰੀ ਭਗਵਾਨ ਦਾਸ ਨੂੰ ਸ਼ਿਕਾਇਤਕਰਤਾ ਬਲਵਿੰਦਰ ਸਿੰਘ ਵਾਸੀ ਪਿੰਡ ਬੱਲਰਾਂ, ਜ਼ਿਲਾ ਸੰਗਰੂਰ ਵੱਲੋਂ ਮੁੱਖ ਮੰਤਰੀ ਪੰਜਾਬ ਆਨਲਾਈਨ ਸ਼ਿਕਾਇਤ ਨੰਬਰ 'ਤੇ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਹੈ ਕਿ ਉਕਤ ਪਟਵਾਰੀ ਨੇ ਉਸ ਦੀ ਵਾਹੀਯੋਗ ਜ਼ਮੀਨ ਦਾ ਇੰਤਕ-ਾਲ ਦਰਜ ਕਰਨ ਬਦਲੇ 3,500 ਰੁਪਏ ਦੀ ਰਿਸ਼ਵਤ ਲੈ ਲਈ।

ਉਨਾਂ ਦੱਸਿਆ ਕਿ ਉਕਤ ਸ਼ਿਕਾਇਤ ਸਬੰਧੀ ਤੱਥਾਂ ਅਤੇ ਸਬੂਤਾਂ ਦੀ ਪੜਤਾਲ ਉਪਰੰਤ ਇਹ ਗੱਲ ਸਾਬਤ ਹੋਇਆ ਕਿ ਦੋਸ਼ੀ ਮਾਲ ਅਧਿਕਾਰੀ ਨੇ ਰਿਸ਼ਵਤ ਦੀ ਇਹ ਰਕਮ ਪ੍ਰਾਪਤ ਕੀਤੀ ਹੈ। ਇਸ ਸਬੰਧੀ ਵਿਜੀਲੈਂਸ ਬਿਓਰੋ ਦੇ ਥਾਣਾ ਪਟਿਆਲਾ ਵਿੱਚ ਉਕਤ ਮੁਲਜ਼ਮ ਖਿਲਾਫ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਰਿਸ਼ਵਤਖੋਰੀ ਦੇ ਇੱਕ ਹੋਰ ਮਾਮਲੇ ਵਿੱਚ ਥਾਣਾ ਸਦਰ, ਫਿਰੋਜ਼ਪੁਰ ਵਿਖੇ ਤਾਇਨਾਤ ਏ.ਐਸ.ਆਈ ਗੁਰਮੀਤ ਸਿੰਘ ਵਿਰੁੱਧ 30,000 ਰੁਪਏ ਦੀ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਹੇਠ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ। ਇਸ ਮਾਮਲੇ ਵਿੱਚ ਮੋਗਾ ਜ਼ਿਲੇ ਦੇ ਪਿੰਡ ਕੋਰੇ ਵਾਲਾ ਕਲਾਂ ਨਿਵਾਸੀ ਸ਼ਿਕਾਇਤਕਰਤਾ ਜਗਸੀਰ ਸਿੰਘ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚਕੇ ਦੋਸ਼ ਲਾਇਆ ਕਿ ਉਪਰੋਕਤ ਪੁਲੀਸ ਅਧਿਕਾਰੀ ਨੇ ਉਸ ਵਿਰੁੱਧ ਪੁਲੀਸ ਕੇਸ ਦਰਜ ਨਾ ਬਦਲੇ 30,000 ਰੁਪਏ ਬਤੌਰ ਰਿਸ਼ਵਤ ਲੈ ਲਏ ਹਨ ਕਿਉਂਕਿ ਉਸ ਦੇ ਬਰਖਿਲਾਫ ਇੱਕ ਔਰਤ ਵੱਲੋਂ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਗਈ ਹੈ।

# ਜੌੜਾਮਾਜਰਾ ਵੱਲੋਂ ਸਾਰੇ ਹਸਪਤਾਲਾਂ ਵਿੱਚ ਜ਼ਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼



ਚੰਡੀਗੜ, 3 ਨਵੰਬਰ (ਪੋਸਟ ਬਿਊਰੋ): ਸਿਹਤ ਅਤੇ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਬੁੱਧਵਾਰ ਨੂੰ ਚਾਰੇ ਸਰਕਾਰੀ ਮੈਡੀਕਲ ਕਾਲਜਾਂ ਨੂੰ ਸਾਰੇ ਹਸਪਤਾਲਾਂ ਵਿੱਚ ਜਰੂਰੀ ਦਵਾਈਆਂ ਦੀ ਉਪਲਬਧਤਾ ਵਿੱਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ ਹਨ।

ਪਟਿਆਲਾ, ਅਮ੍ਰਿਤਸਰ, ਫਰੀਦਕੋਟ ਅਤੇ ਮੋਹਾਲੀ ਦੇ ਚਾਰ ਸਰਕਾਰੀ ਮੈਡੀਕਲ ਕਾਲਜਾਂ ਦੇ ਵੱਖ-ਵੱਖ ਪ੍ਰੋਜੈਕਟਾਂ, ਵਿਕਾਸ ਕਾਰਜਾਂ ਅਤੇ ਲੰਬਿਤ ਪਈਆਂ ਮੰਗਾਂ ਦਾ ਜਾਇਜ਼ਾ ਲੈਣ ਲਈ ਅੱਜ ਇੱਥੇ ਇੱਕ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੈਬਨਿਟ ਮੰਤਰੀ ਨੇ ਉਕਤ ਸੰਸਥਾਵਾਂ ਨੂੰ ਸਾਰੇ ਹਸਪਤਾਲਾਂ ਵਿੱਚ ਜਰੂਰੀ ਦਵਾਈਆਂ ਦੀ ਉਪਲਬਧਤਾ ਨੂੰ ਤੇਜੀ ਨਾਲ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨਾਂ ਨੇ ਕੋਵਿਡ ਦੌਰਾਨ ਆਪਣੀ ਜਾਨ ਦਾਅ 'ਤੇ ਲਾ ਕੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਾਲੇ ਵੱਖ-ਵੱਖ ਕੋਵਿਡ ਯੋਧਿਆਂ ਨੂੰ ਐਡਜਸਟ ਕਰਨ ਲਈ ਵਿਭਾਗ ਵੱਲੋਂ ਕੀਤੇ ਜਾ ਰਹੇ ਯਤਨਾਂ ਦਾ ਵੀ ਜਾਇਜ਼ਾ ਲਿਆ।

ਉਨਾਂ ਹਸਪਤਾਲਾਂ ਨੂੰ ਹਦਾਇਤ ਕੀਤੀ ਕਿ ਮਰੀਜ਼ਾਂ ਅਤੇ ਵਿਦਿਆਰਥੀਆਂ ਲਈ ਸੰਸਥਾਵਾਂ ਵਿੱਚ ਸਹੂਲਤਾਂ ਨੂੰ ਅਪਗ੍ਰੇਡ ਕਰਨ ਲਈ ਇੱਕ ਵਿਸਤ੍ਰਿਤ ਮਾਸਟਰ ਪਲਾਨ ਤਿਆਰ ਕੀਤਾ ਜਾਵੇ। ਉਨਾਂ ਕਿਸੇ ਵੀ ਬਕਾਇਆ ਸੇਵਾ ਨਿਯਮਾਂ ਨੂੰ ਸੋਧਣ ਅਤੇ ਡਰਾਫਟ ਕਰਨ ਲਈ ਸਮਾਂਬੱਧ ਕਾਰਵਾਈ 'ਤੇ ਜ਼ੋਰ ਦਿੱਤਾ। ਉਨਾਂ ਡਾਇਰੈਕਟੋਰੇਟ ਨੂੰ ਸਿੱਧੇ ਕੋਟੇ ਦੀਆਂ ਵੱਖ-ਵੱਖ ਅਸਾਮੀਆਂ ਲਈ ਸਮੇਂ ਸਿਰ ਇਸ਼ਤਿਹਾਰ ਦੇਣ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਕੰਮਕਾਜ ਨੂੰ ਹੋਰ ਸੁਚਾਰੂ ਬਣਾਉਣ ਅਤੇ ਅਫ਼ਸਰਸ਼ਾਹੀ ਨੂੰ ਠੱਲ ਪਾਉਣ ਲਈ ਸੰਸਥਾਵਾਂ ਦੇ ਮੁਖੀਆਂ ਨਾਲ ਸ਼ਕਤੀਆਂ ਨੂੰ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨਾਂ ਨੇ ਵਿਭਾਗ ਨੂੰ ਮਾਹਰ ਤੇ ਪ੍ਰਤਿਭਾਸ਼ਾਲੀ ਡਾਕਟਰਾਂ ਨੂੰ ਆਕਰਸ਼ਿਤ ਕਰਨ ਲਈ ਸੁਪਰਸਪੈਸਲਿਸਟਾਂ ਨੂੰ ਉਤਸ਼ਾਹਿਤ ਕਰਨ ਸਬੰਧੀ ਪ੍ਰਸਤਾਵ ਤਿਆਰ ਕਰਨ ਲਈ ਕਿਹਾ। ਉਨਾਂ ਨੇ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਰੀਜਾਂ ਨੂੰ ਬਿਹਤਰ ਸਹੂਲਤਾਂ ਉਪਲਬਧ ਕਰਾਉਣ ਲਈ ਹੋਰ ਵੀ ਬਹੁਤ ਕੁਝ ਕਰਨ ਦੀ ਲੋੜ ਹੈ।

ਇਸ ਮੀਟਿੰਗ ਵਿੱਚ ਅਲਕਨੰਦਾ ਦਿਆਲ, ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ, ਡਾ: ਅਵਨੀਸ਼ ਕੁਮਾਰ, ਡਾਇਰੈਕਟਰ ਸਿਹਤ ਵਿਭਾਗ ਅਤੇ ਚਾਰੇ ਸਰਕਾਰੀ ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲ ਅਤੇ ਮੈਡੀਕਲ ਸੁਪਰਡੈਂਟ ਮੌਜੂਦ ਸਨ।

# ਅਕਾਲੀ ਦਲ ਨੇ ਬੀਬੀ ਜਗੀਰ ਕੌਰ ਨੂੰ ਪਾਰਟੀ ਵਿਚੋਂ ਕੀਤਾ ਮੁਅੱਤਲ




**ਅਨੁਸ਼ਾਸਨੀ ਕਮੇਟੀ ਨੇ ਜਗਮੀਤ ਬਰਾੜ ਵੱਲੋਂ ਨੋਟਿਸ 'ਤੇ ਦਿੱਤੇ ਜਵਾਬ 'ਤੇ ਪ੍ਰਗਟਾਈ ਅਸੰਤੁਸ਼ਟੀ, ਬਿਆਨਾਂ 'ਤੇ ਸਪਸ਼ਟੀਕਰਨ ਲਈ ਇਕ ਹੋਰ ਮੌਕਾ ਦੇਣ ਦਾ ਫੈਸਲਾ**

ਚੰਡੀਗੜ੍ਹ, 3 ਨਵੰਬਰ (ਪੋਸਟ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਨੇ ਅੱਜ ਪਾਰਟੀ ਦੀ ਸੀਨੀਅਰ ਆਗੂ ਬੀਬੀ ਜਗੀਰ ਕੌਰ ਨੂੰ ਪਾਰਟੀ ਵਿਚੋਂ ਮੁਅੱਤਲ ਕਰ ਦਿੱਤਾ ਤੇ ਉਹਨਾਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਰੋਕਣ ਲਈ ਦੋ ਦਿਨ ਦਾ ਅਲਟੀਮੇਟਮ ਦਿੱਤਾ ਜਿਸ ਮਗਰੋਂ ਉਹਨਾਂ ਖਿਲਾਫ ਸਖ਼ਤ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

ਇਹ ਐਲਾਨ ਕਰਦਿਆਂ ਅਕਾਲੀ ਦਲ ਦੇ ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸਰਦਾਰ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਬੀਬੀ ਜਗੀਰ ਕੌਰ ਲਈ ਇਹ ਲਾਜ਼ਮੀ ਹੋਵੇਗਾ ਕਿ ਉਹ ਸਪਸ਼ਟ ਕਰਨ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਉਂਦੀਆਂ ਚੋਣਾਂ ਨਹੀਂ ਲੜਨਗੇ। ਜੇਕਰ ਉਹਨਾਂ ਨੇ ਇਹ ਸਪਸ਼ਟੀਕਰਨ ਨਾ ਦਿੱਤਾ ਫਿਰ ਪਾਰਟੀ ਉਹਨਾਂ ਦੇ ਖਿਲਾਫ ਕਾਰਵਾਈ ਕਰਨ ਲਈ ਮਜਬੂਰ ਹੋਵੇਗੀ ਕਿਉਂਕਿ ਪਾਰਟੀ ਦੇ ਅਨੁਸ਼ਾਸਨ ਤੋਂ ਉਪਰ ਕੋਈ ਨਹੀਂ ਹੈ।

ਵੇਰਵੇ ਸਾਂਝੇ ਕਰਦਿਆਂ ਸਰਦਾਰ ਮਲੂਕਾ ਨੇ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਬੀਬੀ ਜਗੀਰ ਕੌਰ ਪਿਛਲੇ 4 ਮਹੀਨਿਆਂ ਤੋਂ ਪਾਰਟੀ ਵਿਰੋਧੀ ਗਤੀਵਿਧੀਆਂ ਵਿਚ ਲੱਗੇ ਹੋਏ ਹਨ ਤੇ ਉਹ ਅਕਾਲੀ ਦਲ ਦੇ ਖਿਲਾਫ ਤਾਕਤਾਂ ਨਾਲ ਰਲ ਕੇ ਕੰਮ ਕਰ ਰਹੇ ਹਨ।

ਉਹਨਾਂ ਕਿਹਾ ਕਿ ਪਾਰਟੀ ਨੇ ਬੀਬੀ ਜਗੀਰ ਕੌਰ ਨੂੰ ਸਮਝਾਉਣ ਦਾ ਬਹੁਤ ਯਤਨ ਕੀਤਾ ਤੇ ਪਾਰਟੀ ਦੇ ਸੀਨੀਅਰ ਆਗੂ ਡਾ. ਦਲਜੀਤ ਸਿੰਘ ਚੀਮਾ ਤੇ ਸਰਦਾਰ ਸੁਰਜੀਤ ਸਿੰਘ ਰੱਖੜਾ ਨੇ ਉਹਨਾਂ ਨਾਲ 3ਘੰਟੇ ਲੰਬੀ ਮੀਟਿੰਗ ਵੀ ਕੀਤੀ। ਇਸ ਤੋਂ ਪਹਿਲਾਂ ਪਾਰਟੀ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵੀ ਉਹਨਾਂ ਨਾਲ ਮੁਲਾਕਾਤ ਕੀਤੀ ਪਰ ਉਹ ਸ਼੍ਰੋਮਣੀ ਕਮੇਟੀ ਚੋਣਾਂ ਲੜਨ 'ਤੇ ਅੜੇ ਹੋਏ ਹਨ।

ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਨੇ ਕਿਹਾ ਕਿ ਪਾਰਟੀ ਨੂੰ ਸ਼੍ਰੋਮਣੀ ਕਮੇਟੀ ਮੈਂਬਰਾਂ ਤੋਂ ਵੀ ਸ਼ਿਕਾਇਤਾਂ ਮਿਲੀਆਂ ਹਨ ਕਿ ਬੀਬੀ ਜਗੀਰ ਕੌਰ ਉਹਨਾਂ 'ਤੇ ਦਬਾਅ ਬਣਾ ਰਹੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਲਈ ਚੋਣ ਵਿਚ ਉਹਨਾਂ ਦੀ ਹਮਾਇਤ ਕਰਨ। ਉਹਨਾਂ ਕਿਹਾ ਕਿ ਬੀਬੀ ਜਗੀਰ ਕੌਰ ਦੇ ਮੀਡੀਆ ਵਿਚ ਆਏ ਬਿਆਨ ਵੀ ਸੰਕੇਤ ਦਿੰਦੇ ਹਨ ਕਿ ਉਹ ਪਾਰਟੀ ਦੀ ਮਰਜ਼ੀ ਖਿਲਾਫ ਚੋਣਾਂ ਲੜਨ ਲਈ ਬਜ਼ਿਦ ਹਨ।

ਇਸ ਦੌਰਾਨ ਸਰਦਾਰ ਮਲੂਕਾ ਨੇ ਇਹਵੀ ਦੱਸਿਆ ਕਿ ਅਨੁਸ਼ਾਸਨੀ ਕਮੇਟੀ ਦੀ ਹੋਈ ਮੀਟਿੰਗ ਵਿਚ ਸੀਨੀਅਰ ਆਗੂ ਸਰਦਾਰ ਜਗਮੀਤ ਸਿੰਘ ਬਰਾੜ ਵੱਲੋਂ ਉਹਨਾਂ ਨੂੰ ਜਾਰੀ ਨੋਟਿਸ ਦੇ ਜਵਾਬ 'ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ ਪਰ ਇਸਨੂੰ ਤਸੱਲੀਬਖਸ਼ ਮਹਿਸੂਸ ਨਹੀਂ ਕੀਤਾ ਗਿਆ। ਸਰਦਾਰ ਮਲੂਕਾ ਨੇ ਦੱਸਿਆ ਕਿ ਅਸੀਂ ਉਹਨਾਂ ਨੂੰ ਕੀਤੀ ਬਿਆਨਬਾਜ਼ੀ ਤੇ ਕਾਰਵਾਈਆਂ ਲਈ ਆਪਣਾ ਪੱਖ ਰੱਖਣ ਦਾ ਇਕ ਹੋਰਮੌਕਾ ਦੇਵਾਂਗੇ ਤੇ ਇਸ ਮਗਰੋਂ ਵੀ ਕੋਈ ਕਾਰਵਾਈ ਕੀਤੀ ਜਾਵੇਗੀ। ਕਮੇਟੀ ਦੀ ਮੀਟਿੰਗ ਵਿਚ ਸਰਦਾਰ ਸ਼ਰਨਜੀਤ ਸਿੰਘ ਢਿੱਲੋਂ, ਸਰਦਾਰ ਵਿਰਸਾ ਸਿੰਘ ਵਲਟੋਹਾ, ਡਾ. ਸੁਖਵਿੰਦਰ ਕੁਮਾਰ ਤੇ ਸਰਦਾਰ ਮਨਤਾਰ ਸਿੰਘ ਬਰਾੜ ਵੀ ਸ਼ਾਮਲ ਸਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

# ਅਮਨ ਅਰੋੜਾ ਵੱਲੋਂ ਡੀ.ਏ.ਵੀ. ਕਾਲਜ ਵਿਖੇ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੀ ਪ੍ਰਧਾਨਗੀ

## ਸੂਚਨਾ ਅਤੇ ਲੋਕ ਸੰਪਰਕ ਮੰਤਰੀ ਨੇ ਜੇਤੂ ਭੰਗੜਾ ਟੀਮਾਂ ਨੂੰ ਇਨਾਮ ਵੰਡੇ



ਚੰਡੀਗੜ੍ਹ, 3 ਨਵੰਬਰ (ਗਿਆਨ ਸਿੰਘ): ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਮੰਤਰੀ ਅਮਨ ਅਰੋੜਾ ਨੇ ਇਥੇ ਡੀ.ਏ.ਵੀ. ਕਾਲਜ ਵਿਖੇ ਕਰਵਾਏ ਗਏ 63ਵੇਂ ਪੰਜਾਬ ਯੂਨੀਵਰਸਿਟੀ ਜ਼ੋਨਲ ਯੂਥ ਐਂਡ ਹੈਰੀਟੇਜ ਫੈਸਟੀਵਲ ਦੇ ਭੰਗੜਾ ਮੁਕਾਬਲਿਆਂ ਦੀ ਪ੍ਰਧਾਨਗੀ ਕੀਤੀ।

ਅਰੋੜਾ ਨੇ ਕਿਹਾ, "ਕਾਲਜ ਵਿੱਚ ਵਿਦਿਆਰਥੀ ਜੀਵਨ ਜ਼ਿੰਦਗੀ ਦਾ ਸਭ ਤੋਂ ਹੁਸੀਨ ਅਤੇ ਬਿਹਤਰੀਨ ਪੜਾਅ ਹੁੰਦਾ ਹੈ ਅਤੇ ਸਾਰੇ ਵਿਦਿਆਰਥੀਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਜੀਵਨ ਦਾ ਇਹ ਖ਼ੂਬਸੂਰਤ ਤੇ ਖ਼ੁਸ਼ਗਵਾਰ ਸਮਾਂ ਮੁੜ ਵਾਪਸ ਨਹੀਂ ਆਵੇਗਾ।" ਉਨ੍ਹਾਂ ਨੇ ਨੌਜਵਾਨਾਂ ਨੂੰ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਜ਼ਿੰਦਗੀ ਵਿੱਚ ਸਖ਼ਤ ਮਿਹਨਤ ਕਰਨ ਲਈ ਪ੍ਰੇਰਿਆ।

ਸਮਾਗਮ ਦੌਰਾਨ ਨੌਜਵਾਨਾਂ ਦੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਦੇਸ਼ ਵਿੱਚ ਬਿਹਤਰ ਬਦਲਾਅ ਅਤੇ ਸੁਧਾਰ ਲਿਆਉਣ ਲਈ ਨੌਜਵਾਨਾਂ ਦੀ ਸਮੂਹਿਕ ਸ਼ਕਤੀ ਬਹੁਤ ਮਹੱਤਵਪੂਰਨ ਹੁੰਦੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਬੇਸ਼ੁਮਾਰ ਸਮਰੱਥਾ ਅਤੇ ਸ਼ਕਤੀ ਹੁੰਦੀ ਹੈ ਅਤੇ ਕਿਸੇ ਵੀ ਖੇਤਰ ਵਿੱਚ ਕਾਮਯਾਬੀ ਦਾ ਸਿਖ਼ਰ ਛੋਹਣ ਲਈ ਉਨ੍ਹਾਂ ਦੀ ਇਸ ਅਪਾਰ ਸ਼ਕਤੀ ਨੂੰ ਸਹੀ ਸੇਧ ਦੇਣ ਦੀ ਲੋੜ ਹੁੰਦੀ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਡੀ.ਏ.ਵੀ. ਕਾਲਜ ਸੈਕਟਰ-10, ਚੰਡੀਗੜ੍ਹ ਤੋਂ ਪੜ੍ਹਾਈ ਕੀਤੀ ਹੈ ਅਤੇ ਅੱਜ ਕਾਲਜ ਪੁੱਜਣ ਉਤੇ ਪ੍ਰਿੰਸੀਪਲ ਡਾ. ਪਵਨ ਸ਼ਰਮਾ ਅਤੇ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਨ੍ਹਾਂ ਭੰਗੜਾ ਮੁਕਾਬਲਿਆਂ ਵਿੱਚ ਪੋਸਟ ਗ੍ਰੈਜੂਏਟ ਸਰਕਾਰੀ ਕਾਲਜ ਸੈਕਟਰ-11 ਦੀ ਟੀਮ ਨੇ ਪਹਿਲਾ ਇਨਾਮ ਹਾਸਲ ਕੀਤਾ। ਖਾਲਸਾ ਕਾਲਜ ਸੈਕਟਰ-26 ਦੀ ਟੀਮ ਦੂਜੇ ਅਤੇ ਡੀ.ਏ.ਵੀ. ਕਾਲਜ ਸੈਕਟਰ-10 ਦੀ ਟੀਮ ਤੀਜੇ ਸਥਾਨ 'ਤੇ ਰਹੀ। ਮੁਕਾਬਲੇ ਵਿੱਚ ਕੁੱਲ ਅੱਠ ਟੀਮਾਂ ਨੇ ਭਾਗ ਲਿਆ ਸੀ। ਸ੍ਰੀ ਅਮਨ ਅਰੋੜਾ ਨੇ ਜੇਤੂਆਂ ਨੂੰ ਇਨਾਮ ਵੰਡੇ ਅਤੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।


## Change of Name

I, Parmjit Kaur Bhathal, R/O V.P.O. Hardaspur, Tehsil Phagwara, District Kapurthala, Punjab, India, Current living at 19 Paddington RD, Brampton ON L6P 2E3, have changed my name to Paramajit Kaur Bhathal. Henceforth, I shall be known as Paramjit Kaur Bhathal for all purposes.



## ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?
BOOK YOUR FREE CONSULTATION
ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਹੁੰਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382



- Collection Calls
- Personal Taxes
- GST/HST
- Credit Card Debts
- Personal Loans
- Pay Day Loans
- Student Loans
- Wage Garnishment
- Writ on your property
- Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- Save your Assets
- Avoid Bankruptcy
- Small monthly payments
- Rebuild your credit

YOUR DEBT $ MY SOLUTION



## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769



## ਕੇਅਰ ਗਿਵਰ ਦੀ ਲੋੜ



ਬਜ਼ੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**



## BOOKKEEPER WANTED

GROVER CPA PROFESSIONAL CORPORATION IS LOOKING FOR A BOOKKEEPER FOR THE FOLLOWING RESPONSIBILITIES AND QUALIFICATIONS



Responsibilities:
1. Maintain and balance various accounts for clients using Computerized bookkeeping systems.
2. Prepare trial balance and Financial Statements using excel, and software.
3. Prepare payroll for various clients and prepare payroll journal entries and enter in books.
4. Preparing and entering various adjusting entries to close the books and financial statements.
5. Prepare bank and various reconciliations of client's books.
6. Other bookkeeping duties as assigned.
7. Analysis of Tax Accounts to reconcile with CRA balances.
8. Preparing GST/HST returns and making journal entries in books for tax payments and refunds.

Qualifications:
The candidate must have experience using accounting principles and use of book keeping, payroll, and other software.Excellent knowledge of Excel, Word, Outlook etc. Must have a College Diploma in Accounting/ Finance and good communication and presentation skills. Knowledge of Hindi, Punjabi & Urdu will be an asset.


Please apply with confidence with cover letter and resume at info@grovercpa.ca



## Visions of Punjab


Natasha Mahal
Co-Host

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com


Iqbal Mahal
Producer & Host

Serving the South Asian Community Since 1976


## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


## STARLANE PAINTING

Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
SATISFACTION 100% GUARANTEE


ਹਰਜੀਤ ਧਨੋਆ

416.230.4000 • 647.409.1092
www.STARLANEPAINTING.com



## A-One Drivers TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ


ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਜ਼ਿੰਦਗੀ ਦਾ ਅਹਿਮ ਹਿੱਸਾ ਹੈ ਪੈਸਾ, ਪਰ...



ਮੈਡਮ ਰਜਨੀ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ

ਪੈਸਾ ਸਾਡੀ ਜ਼ਿੰਦਗੀ ਦਾ ਇੱਕ ਬਹੁਤ ਹੀ ਮਹੱਤਵਪੂਰਨ ਹਿੱਸਾ ਹੈ। ਸਾਡੀ ਜ਼ਿੰਦਗੀ ਦੇ ਰੋਜ਼ਾਨਾ ਦੇ ਕੰਮਕਾਜ ਪੈਸੇ ਦੀ ਸਹਾਇਤਾ ਨਾਲ ਹੀ ਹੁੰਦੇ ਹਨ। ਕੋਈ ਵੀ ਕੰਮ ਅਜਿਹਾ ਨਹੀਂ ਹੈ , ਜੋ ਪੈਸੇ - ਧਨ ਤੋਂ ਬਿਨਾਂ ਪੂਰਾ ਹੋ ਸਕਦਾ ਹੋਵੇ। ਪੈਸਾ ਹਰ ਕਿਸੇ ਲਈ ਜ਼ਿੰਦਗੀ ਵਿੱਚ ਅਹਿਮ ਰੋਲ ਰੱਖਦਾ ਹੈ। ਪੈਸੇ ਨਾਲ ਹੀ ਸਾਡਾ ਜੀਵਨ ਸੁਚਾਰੂ ਅਤੇ ਉਸਾਰੂ ਵੀ ਬਣਦਾ ਹੈ। ਹਰ ਕੋਈ ਇਨਸਾਨ ਪੈਸਾ ਕਮਾਉਣ ਲਈ ਜੀਅ - ਜਾਨ ਲਗਾ ਦਿੰਦਾ ਹੈ ਤੇ ਮਿਹਨਤ ਕਰਦਾ ਹੈ , ਪਰ ਕਈ ਵਾਰ ਦੇਖਣ ਵਿੱਚ ਆਉਂਦਾ ਹੈ ਕਿ ਪੈਸਾ ਸਾਡੇ ਰਿਸ਼ਤਿਆਂ , ਸਾਡੇ ਪਰਿਵਾਰ , ਸਾਡੀ ਦੋਸਤੀ , ਸਾਡੇ ਪ੍ਰੋਗਰਾਮਾਂ ਜਾਂ ਸਾਡੇ ਵਿਹਾਰ 'ਤੇ ਹਾਵੀ ਹੋ ਜਾਂਦਾ ਹੈ। ਇਹ ਸਥਿਤੀ ਮਨੁੱਖ ਲਈ , ਸਾਡੇ ਰਿਸ਼ਤਿਆਂ ਲਈ , ਸਾਡੇ ਘਰ - ਪਰਿਵਾਰ ਲਈ ਅਤੇ ਸਾਡੇ ਸਮਾਜ ਲਈ ਸਹੀ ਨਹੀਂ ਹੁੰਦੀ। ਪੈਸਾ ਜ਼ਰੂਰਤ ਤੋਂ ਜ਼ਿਆਦਾ ਅਤੇ ਜ਼ਰੂਰਤ ਤੋਂ ਘੱਟ ਹੋਣਾ ਵੀ ਕਈ ਵਾਰ ਸਹੀ ਨਹੀਂ ਹੁੰਦਾ। ਸਾਨੂੰ ਚਾਹੀਦਾ ਹੈ ਕਿ ਜੇਕਰ ਜ਼ਰੂਰਤ ਤੋਂ ਵੱਧ ਪੈਸਾ ਹੋਵੇ



ਤਾਂ ਉਸ ਨੂੰ ਕਿਵੇਂ ਸੁਚੱਜੇ ਢੰਗ ਨਾਲ ਸਕਾਰਾਤਮਕਤਾ ਅਪਣਾਉਂਦੇ ਹੋਏ ਤੇ ਸਹੀ ਸਥਿਤੀ ਵਿੱਚ ਰਹਿੰਦੇ ਹੋਏ , ਉਸ ਦੀ ਸਹੀ ਵਰਤੋਂ ਕੀਤੀ ਜਾਵੇ , ਸਮਾਜ ਦੀ ਭਲਾਈ ਲਈ ਵਰਤੋਂ ਕੀਤੀ ਜਾਵੇ। ਬਹੁਤੇਰਾ ਪੈਸਾ ਲੜਾਈ - ਝਗੜਿਆਂ ਜਾਂ ਕਿਸੇ ਦੇ ਨੁਕਸਾਨ 'ਤੇ ਨਹੀਂ ਲੱਗਣਾ ਚਾਹੀਦਾ। ਸਗੋਂ ਜੇਕਰ ਧਨ ਜ਼ਿਆਦਾ ਹੋਵੇ ਤਾਂ ਉਹ ਪਰਉਪਕਾਰ ਅਤੇ ਮਾਨਵਤਾ ਦੀ ਭਲਾਈ ਲਈ ਲਗਾ ਦੇਣਾ ਚਾਹੀਦਾ ਹੈ। ਪੈਸੇ ਨੂੰ ਆਪਣੇ ਘਰ - ਪਰਿਵਾਰ ਜਾਂ ਆਪਣੇ ਰਿਸ਼ਤਿਆਂ 'ਤੇ ਹਾਵੀ ਨਹੀਂ ਹੋਣ ਦੇਣਾ ਚਾਹੀਦਾ। ਇਹ ਵੀ ਜ਼ਰੂਰੀ ਹੈ ਕਿ ਕਿਸੇ ਨੂੰ ਪੈਸਾ ਦੇਣ ਅਤੇ ਲੈਣ ਤੋਂ ਗੁਰੇਜ਼ ਕੀਤਾ ਜਾਵੇ। ਨਹੀਂ ਤਾਂ ਇਹ ਵੀ ਸਾਡੇ ਰਿਸ਼ਤਿਆਂ 'ਤੇ ਨਕਾਰਾਤਮਕ ਪ੍ਰਭਾਵ ਪਾਉਂਦਾ ਹੈ , ਲੜਾਈ - ਝਗੜੇ ਦਾ ਮੂਲ ਕਾਰਨ ਬਣ ਜਾਂਦਾ ਹੈ। ਇਸ ਲਈ ਪੈਸਾ ਲੈਣ ਅਤੇ ਦੇਣ ਤੋਂ ਕੋਰੀ ਨਾਂਹ ਦੇਣੀ ਹੀ ਸਹੀ ਹੋ ਸਕਦੀ ਹੈ। ਆਓ ! ਪੈਸੇ ਨੂੰ ਘਰ - ਪਰਿਵਾਰ ਤੇ ਸਮਾਜ ਦੀ ਖੁਸ਼ਹਾਲੀ ਲਈ ਵਰਤੀਏ। ਇਸ ਨੂੰ ਆਪਣੇ ਰਿਸ਼ਤਿਆਂ ਜਾਂ ਆਪਣੇ ਘਰ - ਪਰਿਵਾਰ ਉੱਤੇ ਹਾਵੀ ਨਾ ਹੋਣ ਦੇਈਏ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ
GURU NANAK NISHKAM SEWA CENTRE
CANADA Regd.
ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ
GURDWARA SAHIB
GURU NANAK NISHKAM SEWA CENTRE
NON-PROFIT ORGANIZATION
www.gurunanaknishkamsewa.org
12356 Mayfield and Bramalea Rd, Caledo

# ਪਿੰਡ ਚਿਮਨੇ ਵਾਲਾ ਦਾ ਪੇਂਡੂ ਖੇਡ ਮੇਲਾ ਸ਼ਾਨੋ ਸ਼ੋਕਤ ਨਾਲ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ

*** ਨਸ਼ੇ ਤੋਂ ਪੰਜਾਬ ਦੀ ਜਵਾਨੀ ਨੂੰ ਬਚਾਉਣਾ ਸਾਡਾ ਮੁਢੱਲਾ ਫਰਜ- ਗੋਲਡੀ ਕੰਬੋਜ ਐਮ ਐਲ ਏ ਜਲਾਲਾਬਾਦ**

ਅਰਨੀਵਾਲਾ-ਪ੍ਰਦੀਪ ਸਿੰਘ (ਬਿੱਟੂ) - ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵਲੋਂ ਪਿੰਡ ਦੀ ਪੰਚਾਇਤ ਤੇ ਨਗਰ ਵਾਸੀਆਂ ਤੇ ਐਨ ਆਰ ਆਈ ਪਰਿਵਾਰਾਂ ਦੇ ਸਹਿਯੋਗ ਨਾਲ ਸਾਲਾਨਾ 28ਵਾਂ ਪੇਂਡੂ ਖੇਡ ਟੂਰਨਾਮੈਂਟ 25, 26ਤੇ 27 ਅਕਤੂਬਰ ਤੱਕ ਕਰਵਾਇਆ ਗਿਆ। ਜਿਸ ਦੌਰਾਨ ਤਿੰਨੇ ਦਿਨ ਹੀ ਬਹੁਤ ਦਿਲਚ-ਸਪ ਮੁਕਾਬਲੇ ਦੇਖਣ ਨੂੰ ਮਿਲੇ। ਸਵੇਰ ਤੋਂ ਹੀ ਦਰਸ਼ਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ।

ਇਸ ਟੂਰਨਾਮੈਂਟ ਵਿੱਚ ਕਬੱਡੀ 48 ਕਿਲੋ, 57 ਕਿਲੋ 'ਤੇ 70 ਕਿਲੋ ਅਤੇ ਫੁੱਟਬਾਲ ਉਪਨ ਦੇ ਮੈਚ ਖੇਡੇ ਗਏ। ਖੇਡ ਪ੍ਰੇਮੀਆਂ ਨੇ ਇਸ ਪੇਂਡੂ ਖੇਡ ਟੂਰਨਾਮੈਂਟ 'ਚ ਲਾਇਵ ਜੁੜ ਕੇ ਸਮੇਤ ਹੋਰ ਸ਼ਹਿਰਾਂ ਤੋਂ ਖੇਡਾਂ ਦਾ ਆਨੰਦ ਲਈ ਭਾਰੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਇਹ ਪੇਂਡੂ ਖੇਡ ਟੂਰਨਾਮੈਂਟ ਅੱਜ ਦੇਰ ਸ਼ਾਮ ਸ਼ਾਨੋ ਸ਼ੋਕਤ ਨਾਲ ਅਮਿੱਟ ਯਾਦਾਂ ਨੂੰ ਛੱਡਦਾ ਹੋਇਆ ਸਮਾਪਤ ਹੋ ਗਿਆ। ਦਿਨ ਬੁੱਧਵਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ 25 ਅਕਤੂਬਰ 2022 ਨੂੰ ਕਰੀਬ 10 ਵਜੇ ਪਹਿਲਾ ਫੁੱਟਬਾਲ ਦਾ ਮੈਚ ਸਰਪੰਚ ਗੁਰਪ੍ਰੀਤ ਸਿੰਘ (ਵਿੱਕੀ) ਤੇ ਸਮੂਹ ਗ੍ਰਾਮ ਪੰਚਾਇਤ ਵੱਲੋ ਰੀਬਨ ਕੱਟ ਕੇ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦੇ ਹੋਏ ਸ਼ੁਰੂਆਤ ਕੀਤੀ। ਸ਼ੁੱਕਰਵਾਰ ਵਾਲੇ ਦਿਨ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਤੇ ਤਿੰਨ ਦਿਨ ਨਿਰੰਤਰ ਲੰਗਰ ਅਤੁੱਟ ਵਰਤਾਇਆ ਗਿਆ। ਦੂਸਰੇ ਪਾਸੇ ਕਬੱਡੀ ਖਿਡਾਰੀ 48 ਕਿਲੋ,57 ਕਿਲੋ,70 ਕਿਲੋ ਵੀ ਆਪਣਾ ਪ੍ਰਦਰਸ਼ਨ ਕਰਨ ਤੋਂ ਵਾਂਝੇ ਨਹੀ ਰਹਿ ਸਕੇ, ਇਨਾਂ ਮੈਚਾਂ ਦਾ ਰਸ਼ਮੀ ਉਦਘਾਟਨ ਅਵਤਾਰ ਸਿੰਘ ਜਟਾਣਾ, ਬੇਅੰਤ ਸਿੰਘ ਜਟਾਣਾ ਤੇ ਸਮੂਹ ਜਟਾਣਾ ਪਰਿਵਾਰ ਨਾਲ ਕਬੱਡੀ ਦੀਆਂ ਪਿਛਲੇ ਲੰਮੇ ਅਰਸੇ ਤੋਂ ਆਪਣੀ ਬਾਖ਼ੂਬੀ ਡਿਊਟੀ ਨਿਭਾ ਰਹੇ ਮਾਸਟਰ ਸਤਪਾਲ ਮਾਸਟਰ, ਮਾਸਟਰ ਜਸਵਿੰਦਰ ਸਿੰਘ, ਡਾਕਟਰ ਪਰਗਟ ਸਿੰਘ ਬਰਾੜ, ਸੁਖਚੈਨ ਬਰਾੜ, ਬਲਜੀਤ ਬਰਾੜ ਤੇ ਬਿੱਟੂ ਕੰਬੋਜ ਨੇ ਆਪਣੀ ਅਹਿਮ ਜ਼ੁੰਮੇਵਾਰੀਆਂ ਨੂੰ ਸਮਝਦੇ ਹੋਏ ਕਬੱਡੀ ਦੇ ਖੇਡ ਗਰਾਊਂਡ ਚੋਂ ਨਿਰਸਵਾਰਥ ਲਗਾਤਾਰ ਤਿੰਨੇ ਦਿਨ ਸੇਵਾਵਾਂ ਨਿਭਾ ਕੇ ਸਹਿਯੋਗ ਦਿੱਤਾ। ਮਾਂ ਖੇਡ ਕੱਬਡੀ ਲਈ ਰੈਫਰਸਿਪ ਦੀਆਂ ਸੇਵਾਵਾਂ ਹਮੇਸਾਂ ਦੀ ਤਰਾਂ ਇਸ ਸਾਲ ਵੀ ਸਰਪੰਚ ਜਸਵੰਤ ਸਿੰਘ ਰੋੜੀ ਕਪੂਰਾ, ਰਾਜਾ ਤੇ ਸੁਖਮੰਦਰ ਸਿੰਘ ਫਿੱਡੇ ਬਾਖ਼ੂਬੀ ਨਿਭਾਈਆਂ। ਕੱਬਡੀ ਕੁਮੈਂਟਰੀ ਲਈ ਸਤਨਾਮ ਖਾਰਾ, ਸਾਗਰ ਖਿੜਕੀਆਂ ਵਾਲ਼ਾ, ਨਵਦੀਪ ਦਬੜੀਖਾਨਾ ,ਰਿੰਕੂ ਜੌੜਕੀ ਵਾਲਾ ਨੇ ਆਪਣੀ ਦਮਦਾਰ ਆਵਾਜ ਦੇ ਜਾਦੂ ਨਾਲ ਲੋਕਾਂ ਨੂੰ ਇੱਕ- ਇੱਕ ਖਿਡਾਰੀ ਬਾਰੇ ਰੂ-ਬਰੂ ਕਰਵਾਇਆ। ਇਸ ਮੌਕੇ ਕੱਬਡੀ 48 ਦੇ ਕਿਲੋ ਦਾ ਫਾਇਨਲ ਮੁਕਾਬਲੇ ਮਾਨ ਸਿੰਘ ਵਾਲਾ ਤੇ ਵਿਰਕ ਖੇੜਾ,ਜਿਸ ਵਿੱਚ ਮਾਨ ਸਿੰਘ ਵਾਲਾ ਜੇਤੂ ਤੇ ਵਿਰਕ ਖੇੜਾ ਉਪ ਜੇਤੂ ,57 ਕਿਲੋ ਦੇ ਲੁੰਡੇ ਵਾਲਾ ਤੇ ਔਲਖ ਜਿਸ ਵਿੱਚ ਲੁੰਡੇ ਵਾਲਾ ਜੇਤੂ ਅਤੇ ਔਲਖ ਉਪ ਜੇਤੂ,70 ਕਿਲੋ ਦੇ ਗਿਲਜੇਵਾਲਾ ਤੇ ਰਾਮ-ਪੁਰਾ , ਜਿਸ ਵਿੱਚ ਗਿਲਜੇਵਾਲਾ ਜੇਤੂ ਤੇ ਰਾਮਪੁਰਾ ਉਪ ਜੇਤੂ ਰਹੇ। ਜੇਤੂ ਤੇ ਉਪ ਜੇਤੂ ਟੀਮਾਂ ਚੋਂ 48 ਕਿਲੋ ਚੋਂ 5100-4100 , 57 ਕਿਲੋ ਚੋਂ 7100 -5100,70ਕਿਲੋਂ ਚੋਂ 15000-10000 ਦੀ ਨਗਦ ਰਾਸ਼ੀ ਤੇ ਟਰਾਫੀਆਂ ਮੁੱਖ ਮਹਿਮਾਨ ਬਤੌਰ ਪਾਹੁੰਚੇ ਜਲਾਲਾਬਾਦ ਦੇ ਵਿਧਾਇਕ ਗੋਲਡੀ ਕੰਬੋਜ ਤੇ ਵਿਸ਼ੇਸ਼ ਮਹਿਮਾਨ ਮਨਜਿੰਦਰ ਖੇੜਾ ਦੁਆਰਾ ਟੀਮਾਂ ਸਨਮਾਨਿਤ ਕਰਵਾਇਆ ਗਿਆ। ਸੈਮੀਫਾਈਨਲ ਫਾਇਨਲ ਹਾਰਨ ਵਾਲੀਆਂ ਅਲੱਗ ਅਲੱਗ ਵਰਗ ਦੀਆਂ ਕੱਬਡੀ ਤੇ ਫੁਟਬਾਲ ਟੀਮਾਂ ਨੂੰ ਵੀ 1100-1100,1500-1500,2100-2100 ਦੀ ਨਗਦ ਰਾਸ਼ੀ ਦੇ ਕੇ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਕੱਲਬ ਵੱਲੋਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਫਾਈਨਲ ਮੁਕਾਬਲੇ ਟੂਰਨਾਮੈਂਟ ਦੇ ਬੈਸਟ ਧਾਵੀ ਸਿੰਦਾ ਔਲਖ ਵਾਲਾ ਅਤੇ ਬੈਸਟ ਜਾਫੀ ਸੀਰਾ ਲੁੰਡੇ ਵਾਲਾ ਚੁਣਿਆ ਗਿਆ। ਛੋਟੇ ਛੋਟੇ ਬੱਚਿਆਂ ਨੇ ਵੀ ਮੇਲੇ ਦੀ ਰੌਣਕ ਨੂੰ ਚਾਰ ਚੰਨ ਲਾਉਣ ਲਈ ਅੰਡਰ-14 ਦੇ ਫੁੱਟਬਾਲ ਟੀਮਾਂ ਗੰਧੜ,ਕਿੜਿਆਂਵਾਲਾ, ਬਾਂਡੀਵਾਲਾ ਟੀਮਾਂ ਨੇ ਭਾਗ ਲਿਆ। ਜਿਸ ਵਿੱਚ ਬਾਂਡੀਵਾਲਾ ਤੇ ਚਿਮਨੇ ਵਾਲਾ ਦੇ ਦੌਰਾਨ ਅਹਿਮ ਫਾਇਨਲ ਮੁਕਾਬਲਾ ਦੇਖਣ ਨੂੰ ਮਿਲਿਆ। ਜਿਸ ਵਿੱਚ ਅੰਡਰ-14 ਬਾਂਡੀਵਾਲਾ ਜੇਤੂ ਤੇ ਚਿਮਨੇ ਵਾਲਾ ਉਪ ਜੇਤੂ ਰਿਹਾ। ਅੰਡਰ- 14 ਟੀਮ ਨੂੰ ਵਿਸ਼ੇਸ ਤੌਰ ਨਗਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਫੁੱਟਬਾਲ ਉਪਨ ਦਾ ਪਹਿਲਾ ਸੈਮੀਫਾਈਨਲ ਖੁੰਨਣ ਕਲਾਂ ਤੇ ਸਾਹਨੇਵਾਲ ਮਾਨਸਾ ਦੇ ਵਿਚਕਾਰ ਖੇਡਿਆ ਗਿਆ ਜਿਸ ਵਿੱਚ ਖੁੰਨਣ ਕਲਾਂ ਜੇਤੂ ਰਿਹਾ। ਦੂਸਰੇ ਪੂਲ ਦਾ ਸੈਮੀਫਾਈਨਲ ਫੁੱਟਬਾਲ ਉਪਨ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਤੇ ਡੱਬਵਾਲੀ ਕਲਾਂ ਦੇ ਵਿਚਕਾਰ ਰੋਮਾਂਚਿਕ ਮੁਕਾਬਲਾ ਦੇਖਣ ਨੂੰ ਮਿਲਿਆ। ਡੱਬਵਾਲੀ ਕਲਾਂ ਨੇ 1-0 ਦੇ ਫਰਕ ਨਾਲ ਸੰਘਰਸ਼ ਜਾਰੀ ਰਖਿਆ ਪਰ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇਵਾਲਾ ਦੇ ਸੁਪਰ ਸਟਾਰ ,ਬਹੁਤ ਮੇਹਨਤੀ ਮੈਚ ਦੌਰਾਨ ਜਿੰਦਜਾਨ ਲਾ ਕੇ ਖੇਡਣ ਵਾਲਾ ਖਿਡਾਰੀ ਰਿੰਕਾ ਗਰੇਵਾਲ ਵੱਲੋਂ ਮੈਚ ਸਮਾਪਤ ਅੰਤ ਦੇ ਕੁਝ ਪਲਾਂ ਚੋਂ ਹੀ ਗੋਲ ਕਰ ਮੈਚ ਬਰਾਬਰ ਕਰ ਦਿੱਤਾ। ਅਖੀਰ ਪਨੈਲਟੀ ਸੂਟ ਆਊਟ ਤੇ 1-3 ਦੇ ਫਰਕ ਨਾਲ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਨੇ ਮੈਚ ਜਿੱਤ ਫਾਇਨਲ ਚੋਂ ਪ੍ਰਵੇਸ਼ ਕਰ ਲਿਆ ਜਿਸ ਤੋਂ ਖੁਸ਼ ਹੋ ਕੇ ਜੌੜਕੀ ਅੰਧੇ ਵਾਲੀ ਦੇ ਸਰਪੰਚ ਮਹਿਪਾਲ ਸਿੰਘ (ਗੋਰਾ) ਤੇ ਰਿੰਕਾ ਚੌਹਾਨ ਵੱਲੋ 6200 ਦੀ ਨਗਦ ਰਾਸ਼ੀ ਦੇ ਕੇ ਸਮੂਹ ਟੀਮ ਨੂੰ ਫਾਈਨਲ ਚੋਂ ਪ੍ਰਵੇਸ਼ ਕਰਨ ਤੇ ਸਨਮਾਨਿਤ ਕੀਤਾ। ਤਕਰੀਬਨ 30ਕੁ ਮਿੰਟ ਦੀ ਬਰੇਕ ਦੇ ਬਾਅਦ ਫਾਇਨਲ ਮੈਚ ਦਾ ਮੁਕਾਬਲਾ ਖੁੰਨਣ ਕਲਾਂ ਮੁਕਤਸਰ ਸਾਹਿਬ ਤੇ ਸੰਤ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇਵਾਲਾ ਨੇ ਵਿਚਕਾਰ ਖੇਡਿਆ ਗਿਆ ਇਸ ਮੁਕਾਬਲੇ ਦੌਰਾਨ ਨੂੰ 2-1ਗੋਲਾਂ ਦੇ ਫਰਕ ਨਾਲ ਖੁੰਨਣ ਕਲਾਂ ਜੇਤੂ ਤੇ ਚਿਮ-ਨੇਵਾਲਾ ਉਪ ਜੇਤੂ ਰਹਿ ਕੇ ਪੇਂਡੂ ਖੇਡ ਟੂਰਨਾਮੈਂਟ ਦੀ ਅਮਿੱਟ ਯਾਦ ਬਣ ਕੇ ਸਮਾਪਤ ਹੋਇਆ। ਮੁਰਾਦਵਾਲਾ ਦਲ ਸਿੰਘ ਦੇ ਸਰਪੰਚ ਗੁਰਜੀਤ ਸਿੰਘ ਵੱਲੋਂ ਸਮੂਹ ਟੀਮ ਨੂੰ 1100 ਰੁਪੈ ਦੀ ਨਗਦ ਰਾਸ਼ੀ ਵਧੀਆ ਪ੍ਰਦਰਸ਼ਨ ਤੇ ਹੌਸ਼ਲਾ ਹਫਜ਼ਾਈ ਲਈ ਵਿਸ਼ੇਸ਼ ਇਨਾਮ ਦੇ ਕੇ ਨਿਵਾਜਿਆ। ਸੰਤ ਚੰਨਣ ਸਿੰਘ ਸਪੋਰਟਸ ਕਲੱਬ ਚਿਮ-ਨੇਵਾਲਾ ਵੱਲੋਂ ਫੁੱਟਬਾਲ ਉਪਨ ਜੇਤੂ 21000-15000 ਦੀ ਨਗਦ ਰਾਸ਼ੀ ਤੇ ਟਰਾਫੀਆਂ ਦੇ ਕੇ ਹਲਕਾ ਵਿਧਾਇਕ ਗੋਲਡੀ ਕੰਬੋਜ ਤੇ ਕੱਲਬ ਦੇ ਆਹੁਦੇਦਾਰਾਂ ਵੱਲੋਂ ਨੇ ਫੁੱਟਬਾਲ ਉਪਨ ਟੀਮਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚੇਅਰਮੈਨ ਬਿੱਟੂ ਚਿਮਨੇ ਵਾਲਾ ਵੱਲੋਂ ਕੱਬਡੀ ਤੇ ਫੁੱਟਬਾਲ ਅੰਡਰ-14 ਟੀਮ ਚਿਮਨੇ ਵਾਲਾ ਨੂੰ ਵਧੀਆਂ ਪ੍ਰਦਸ਼ਨ ਕਰਨ ਵਾਲੀਆਂ ਟੀਮਾਂ ਨੂੰ ਗੋਲਡ ਮੈਡਲ ਪਹਿਨਾ ਕੇ ਵਿਸ਼ੇਸ ਤੌਰ ਸਨਮਾਨਿਤ ਕਰਦੇ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਨਸ਼ੇ ਤੋਂ ਬਚਾਉਣ ਲਈ ਬੱਚਿਆਂ ਨੂੰ ਖੇਡਾਂ ਵੱਲ ਵਿਸ਼ੇਸ਼ ਉਤਸ਼ਾਹਿਤ ਕਰਨ ਨਾਲ ਵੀ ਖਿਡਾਰੀਆਂ ਵਿੱਚ ਖੇਡਣ ਦੀ ਭਾਵਨਾ ਤੇ ਆਪਸੀ ਸਾਂਝ ਨੂੰ ਉਜਾਗਰ ਕਰਨਾ ਦਾ ਅਹਿਮ ਤਰੀਕਾ ਹੈ।

ਇਸ ਮੌਕੇ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵੱਲੋਂ ਹਲਕਾ ਜਲਾਲਾਬਾਦ ਦੇ ਵਿਧਾਇਕ ਬਤੌਰ ਮੁੱਖ ਮਹਿਮਾਨ ਪਹੁੰਚੇ ਗੋਲਡੀ ਕੰਬੋਜ ਤੇ ਬਲਾਕ ਅਰਨੀਵਾਲਾ ਦੇ ਜੋਨ ਇੰਚਾਰਜ ਮਨਜਿੰਦਰ ਖੇੜਾ ਜੀ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕੱਲਬ ਦੇ ਸਹਿਯੋਗੀ ਤੇ ਅਹੁਦੇਦਾਰ ਮੋਹਰ ਸਿੰਘ ਨੰਬਰਦਾਰ, ਜੀਤ ਸਿੰਘ ਬਰਾੜ, ਜਗਜੀਤ ਸਿੰਘ ਬਰਾੜ, ਜਸਕਰਨ ਬਰਾੜ, ਭੋਲਾ ਦਿਉਲ ਸਕੱਤਰ, ਸੁਖਜਿੰਦਰ ਸਿੰਘ ਬਰਾੜ, ਸੂਬੇਦਾਰ ਭੁਪਿੰਦਰ ਸਿੰਘ ਗਿੱਲ, ਅਮਨਦੀਪ ਸੇਖੋਂ, ਦਰਸ਼ਨ ਸੇਖੋਂ, ਨਿਰਮਲ ਸੇਖੋਂ, ਐਡਵੋਕੇਟ ਨਵਪ੍ਰੀਤ ਸਿੰਘ ਬਰਾੜ, ਜਗਮੀਤ ਸਿੰਘ ਦਿਉਲ, ਬਹਾਦਰ ਸਿੰਘ ਜਟਾਣਾ, ਮਨਪ੍ਰੀਤ ਸਿੰਘ ਬਰਾੜ (ਪੰਮੀ), ਰਾਜਿੰਦਰ ਚੁੱਘ, ਰਾਜਿੰਦਰ ਕੁਮਾਰ, ਚੌਧਰੀ ਮੰਗਤ ਰਾਮ, ਰਮੇਸ਼ ਕੁਮਾਰ ਨਿਰਮਲ ਰਾਮ, ਬੀਰਬਲ ਰਾਮ ਨੰਬਰਦਾਰ, ਮੈਂਬਰ ਸੰਦੀਪ ਜਟਾਣਾ, ਇਕਬਾਲ ਸਿੰਘ ਵਿਰਕ, ਹਰਦੀਪ ਸਿੰਘ ਡਿੱਪੂ ਹੋਲਡਰ, ਚੌਕੀਦਾਰ ਸੰਦੀਪ ਕੁਮਾਰ, ਲੱਕੀ ਭੱਟੀ, ਰਾਜਪਾਲ( ਨਿੱਕਾ ), ਲਖਵੀਰ ਬਰਾੜ ਗਿੱਦੜਬਾਹਾ, ਹੋਣਹਾਰ ਦਿਉਲ, ਹਰਨੇਕ ਸਿੰਘ ਜਟਾਣਾ, ਐਡਵੋਕੇਟ ਸਿੰਘ ਧਾਲੀਵਾਲ ਤੇ ਹੋਰ ਤੋਂ ਇਲਾਵਾ ਸਮੂਹ ਨਗਰ ਵਾਸੀਆਂ ਤੇ ਸੰਤ ਬਾਬਾ ਚੰਨਣ ਸਿੰਘ ਸਪੋਰਟਸ ਕਲੱਬ ਚਿਮਨੇ ਵਾਲਾ ਵੱਲੋ ਟੂਰਨਾਮੈਂਟ ਚ ਪੁਹੰਚੇ ਦੂਰ ਨੇੜੇ ਤੇ ਫੇਸਬੁੱਕ,ਯੂ-ਟਿਊਬ ਲਾਇਵ ਦੁਆਰਾ ਜੁੜੇ ਸਾਰੇ ਦਰਸਕਾਂ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਗਿਆ।




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017

